# ਦਫਤਰ, ਮੇਅਰ ਨਗਰ ਨਿਗਮ ਹੁਸ਼ਿਆਰਪੁਰ।

**ਨੰਬਰ 7867/ਜਨਰਲ ਬ੍ਰਾਂਚ** **ਮਿਤੀ 23.12.2022**

ਨਗਰ ਨਿਗਮ ਹੁਸ਼ਿਆਰਪੁਰ ਦੀ ਜਨਰਲ ਮੀਟਿੰਗ ਸ਼੍ਰੀ ਸੁਰਿੰਦਰ ਕੁਮਾਰ, ਮਾਨਯੋਗ ਮੇਅਰ, ਨਗਰ ਨਿਗਮ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਮਿਤੀ 27.12.2022 **(ਮੰਗਲਵਾਰ) ਸਮਾਂ ਸਵੇਰੇ** 11:00 ਵਜੇ ਸਵਾਮੀ ਵਿਵੇਕਾਨੰਦ ਮਿਊਂਸਪਲ ਭਵਨ ਹੁਸ਼ਿਆਰਪੁਰ ਵਿਖੇ ਹੋਣੀ ਨਿਸ਼ਚਿਤ ਹੋਈ ਹੈ, ਆਪ ਨੂੰ ਸਮੇਂ ਸਿਰ ਮੀਟਿੰਗ ਵਿਚ ਭਾਗ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ। ਮੀਟਿੰਗ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੈ:-

1) **ਪਿੱਛਲੀ ਹਾਊਸ ਦੀ ਮੀਟਿੰਗ ਮਿਤੀ 04.07.2022 ਦੀ ਪੁਸ਼ਟੀ** ਕਰਨ ਸਬੰਧੀ।

2) **ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਸ਼ਿਵ ਲਾਲ, ਸਫਾਈ ਸੇਵਕ ਦੀ ਸੇਵਾ ਦੋਰਾਨ ਮੌਤ ਹੋ ਜਾਣ ਤੇ ਉਸ ਦੇ ਲੜਕੇ ਸ਼੍ਰੀ ਕਰਨ ਨੂੰ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਨੋਕਰੀ ਦੇਣ ਸਬੰਧੀ।**

**ਰਿਪੋਰਟ ਦਫਤਰ ਸਮੇਤ ਸਿਫਾਰਸ਼ ਸੁਪਰਡੰਟ ਅਮਲਾ ਕਿ** ਸ਼੍ਰੀ ਕਰਨ ਪੁੱਤਰ ਸ਼੍ਰੀ ਤਰਸੇਮ ਲਾਲ, ਵਾਸੀ ਪਿੰਡ ਤੇ ਡਾਕਖਾਨਾ ਬਸੀ ਪੁਰਾਨੀ, ਤਹਿਸੀਲ ਤੇ ਜਿਲ੍ਹਾਂ ਹੁਸ਼ਿਆਰਪੁਰ ਵਲੋਂ ਇੱਕ ਬੇਨਤੀ ਇਸ ਦਫਤਰ ਦੇ ਰਸੀਦ ਨੰ: 4425 ਮਿਤੀ 22.10.2021 ਰਾਹੀਂ ਦਿੰਦੇ ਹੋਏ ਬੇਨਤੀ ਕੀਤੀ ਸੀ ਕਿ ਉਸ ਦੇ ਪਿਤਾ ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਸ਼ਿਵ ਲਾਲ ਇਸ ਨਗਰ ਨਿਗਮ ਵਿੱਚ ਬਤੌਰ ਸਫਾਈ ਸੇਵਕ ਨੌਕਰੀ ਕਰ ਰਿਹਾ ਸੀ, ਜਿਸ ਦੀ ਮੌਤ ਮਿਤੀ 22.07.2021 ਨੂੰ ਹੋ ਗਈ ਸੀ। ਜਿਸ ਦੀ ਮੌਤ ਤੋ ਬਾਅਦ ਉਨ੍ਹਾਂ ਦੇ ਘਰ ਵਿੱਚ ਕੋਈ ਕਮਾਉਣ ਵਾਲਾ ਮੈਂਬਰ ਨਹੀ ਹੈ। ਉਸ ਆਪਣੇ ਪਿਤਾ ਦਾ ਲੀਗਲ ਵਾਰਸ ਹੈ ਅਤੇ ਉਸ ਤੇ ਨਿਰਭਰ ਸੀ। ਉਹ ਅਠਵੀਂ ਪਾਸ ਹੈ ਅਤੇ ਬੇਰੁਜਗਾਰ ਹੈ। ਉਸ ਵਲੋਂ ਆਪਣੀ ਬੇਨਤੀ ਨਾਲ ਆਪਣੇ ਪਿਤਾ ਦੀ ਮੌਤ ਦਾ ਅਸਲ ਸਰਟੀਫਿਕੇਟ, ਆਪਣਾ ਹਲਫੀਆ ਬਿਆਨ, ਆਪਣੇ ਜਨਮ ਦਾ ਅਸਲ ਸਰਟੀਫਿਕੇਟ ਅਤੇ ਆਧਾਰ ਕਾਰਡ ਅਤੇ ਜਾਤੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ ਨੱਥੀ ਕਰਦੇ ਹੋਏ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰਸ ਦੇ ਅਧਾਰ ਤੇ ਸਫਾਈ ਸੇਵਕ ਦੀ ਨੌਕਰੀ ਦੀ ਮੰਗ ਕੀਤੀ ਸੀ। ਸਰਕਾਰ ਦੀਆਂ ਹਦਾਇਤਾਂ ਮਿਤੀ 21.02.11 ਅਨੁਸਾਰ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਮੇਂ ਮ੍ਰਿਤਕ ਦੇ ਪਰਿਵਾਰ ਦੇ ਹਾਲਾਤ **"If the family of the deceased employee is unable to meet the finacial crisis resulting from the death of the employees"** ਹੋਣੇ ਚਾਹੀਦੇ ਹਨ। ਇਸ ਤੇ ਦਫਤਰ ਵਲੋਂ ਆਪਣੇ ਪੱਤਰ ਨੰ:4910 ਮਿਤੀ 22.11.2021 ਰਾਹੀਂ ਦਫਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਦੇ ਵਿੱਤੀ ਹਾਲਤ ਦੀ ਰਿਪੋਰਟ ਪ੍ਰਫਾਰਮਾ 'ਏ' ਅਤੇ 'ਬੀ' ਵਿੱਚ ਕਰਵਾਕੇ ਭੇਜਣ ਲਈ ਲਿਖਿਆ ਗਿਆ ਸੀ। ਦਫਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵਲੋਂ ਆਪਣੇ ਪੱਤਰ ਨੰ: 3004/ਸ.ਕ./ਓ.ਕੇ.ਡੀ ਮਿਤੀ 25.07.2022 ਅਤੇ ਪੱਤਰ ਨੰ: 3863/ਸ.ਕ./ਓ.ਕੇ.ਡੀ ਮਿਤੀ 26.08.2022 ਰਾਹੀਂ ਉਪਮੰਡਲ ਮੈਜਿਸਟਰੇਟ, ਹੁਸ਼ਿਆਰਪੁਰ ਪਾਸੋਂ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਦੇ ਵਿੱਤੀ ਹਾਲਤ ਦੀ ਪੜਤਾਲ ਕਰਵਾਕੇ ਰਿਪੋਰਟ ਪ੍ਰਫਾਰਮਾ 'ਏ' ਅਤੇ 'ਬੀ' ਵਿੱਚ ਭੇਜੀ ਗਈ ਹੈ। **ਜਿਸ ਅਨੁਸਾਰ ਮ੍ਰਿਤਕ ਕਰਮਚਾਰੀ ਦੇ ਪਰਿਵਾਰਕ ਮੈਂਬਰਾਂ ਵਜੋਂ ਨੀਲਮ(ਪਤਨੀ)(ਪੰਜਵੀ), ਸ਼ੀਨਾ(ਪੁੱਤਰੀ)(ਅਠਵੀ), ਕਰਨ(ਪੁੱਤਰ)(ਅਠਵੀ) ਅਤੇ ਲਕੀ(ਪੁੱਤਰ)(ਦਸਵੀਂ) ਤਸਦੀਕ ਕੀਤੇ ਗਏ ਹੈ। ਪਰਿਵਾਰ ਕੋਲ ਕੋਈ ਅੱਚਲ ਸੰਪਤੀ ਵਜੋਂ ਜੱਦੀ ਰਿਹਾਇਸ਼ੀ ਮਕਾਨ(10 ਮਰਲੇ) ਹੈ ਅਤੇ ਚੱਲ ਸੰਪਤੀ ਨਹੀ ਹੈ। ਮ੍ਰਿਤਕ ਦੇ ਜੀ.ਪੀ.ਫੰਡ/ਗਰੈਚੁਟੀ ਦੀ ਰੱਕਮ ਖਰਚ ਹੋ ਚੁਕੀ ਹੈ ਅਤੇ ਬੈਂਕ ਬੈਲੇਂਸ ਵਜੋਂ 30,000/- ਰੁਪਏ ਬਕਾਇਆ ਹਨ। ਮ੍ਰਿਤਕ ਦੇ ਪਰਿਵਾਰ ਦੇ ਆਮਦਨ ਅਤੇ ਰੋਟੀ ਖਾਣ ਦੇ ਮੌਜੂਦਾ ਵਸੀਲਾ ਪੈਨਸ਼ਨ ਹੈ ਅਤੇ ਪ੍ਰਾਰਥੀ ਨੂੰ ਨੌਕਰੀ ਦਿੱਤੇ ਜਾਣ ਯੋਗ ਹੈ, ਦਰਜ ਹੈ।( ਫਲੈਗ-1)** ਇਸ ਰਿਪੋਰਟ ਵਿੱਚ ਮ੍ਰਿਤਕ ਕਰਮਚਾਰੀ ਦੇ ਲੜਕੇ ਸ਼੍ਰੀ ਸੂਰਜ(ਸ਼ਾਦੀਸ਼ੁਦਾ) ਅਤੇ ਪੁੱਤਰ ਸ਼੍ਰੀਮਤੀ ਪੂਨਮ(ਸ਼ਾਦੀਸ਼ੁਦਾ) ਨੂੰ ਆਸ਼ਰਿਤ ਮੈਂਬਰਾਂ ਵਜੋਂ ਸ਼ਾਮਲ ਨਹੀ ਕੀਤਾ ਗਿਆ ਹੈ। ਜਦ ਕਿ ਪ੍ਰਾਰਥੀ ਸ਼੍ਰੀ ਕਰਨ ਵਲੋਂ ਅਨੈਕਚਰ-1 ਵਿੱਚ ਆਪਣੇ ਭਰਾ ਸ਼੍ਰੀ ਸੂਰਜ, ਜੋ ਪ੍ਰਾਈਵੇਟ ਕੰਮ ਕਰਦਾ ਹੈ ਅਤੇ 250/- ਪ੍ਰਤੀ ਦਿਨ ਦਿਹਾੜੀ ਕਰਦਾ ਹੈ ਅਤੇ ਉਹ ਪਰਿਵਾਰ ਵਿੱਚ ਇੱਕਠੇ ਰਹਿੰਦੇ ਹਨ, ਭਰਿਆ ਹੋਇਆ ਹੈ।

ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਸਿਵ ਲਾਲ, ਸਫਾਈ ਸੇਵਕ ਦੀ ਮੌਤ ਮਿਤੀ 22.07.2021 ਨੂੰ ਸੇਵਾ ਦੌਰਾਨ ਹੋ ਚੁੱਕੀ ਹੈ। ਉਸ ਵਲੋਂ ਭਰੀ ਗਈ ਨੋਮੀਨੇਸ਼ਨ ਅਨੁਸਾਰ ਉਸ ਦੀਆਂ ਬਣਦੀਆਂ ਅਦਾਇਗੀਆ ਜਿਵੇਂ ਕਿ ਐਕਸਗ੍ਰੇਸ਼ਿਆ ਗ੍ਰਾਂਟ, ਲੀਵਇੰਨਕੈਸ਼ਮੈਂਟ ਅਤੇ ਗਰੈਚੁਟੀ ਵਜੋ ਕੁੱਲ ਰੱਕਮ 8,8,816/- ਵਿਚੋਂ ਜੇ.ਐਂਡ.ਕੇ. ਬੈਂਕ ਦੇ ਲੋਨ ਦੀ ਕਟੋਤੀ ਸਬੰਧਤ ਬੈਂਕ ਨੂੰ ਭੇਜਣ ਉਪਰੰਤ ਬਾਕੀ ਬਣਦੀ ਰੱਕਮ 4,67,116/- ਦੀ ਅਦਾਇਗੀ ਸ਼੍ਰੀਮਤੀ ਨੀਲਮ ਪਤਨੀ ਲੇਟ ਸ਼੍ਰੀ ਤਰਸੇਮ ਲਾਲ ਨੂੰ ਕੀਤੀ ਜਾ ਚੁੱਕੀ ਹੈ।(**ਅਨਕੈਚਰ-1 ਨੱਥੀ ਹੈ, ਫਲੈਗ-2)** (ਸਰਕਾਰ ਦੇ ਪੱਤਰ ਨੰ:11/39/2005-4ਪੀ.ਪੀ. -II/9799 ਮਿਤੀ 18.07.2005 ਅਨੁਸਾਰ ਮ੍ਰਿਤਕ ਦੇ ਪਰਿਵਾਰ ਨੂੰ ਅਦਾ ਕੀਤੀ ਗਰੈਚੁਟੀ, ਲੀਵਇੰਨਕੈਸ਼ਮੈਂਟ, ਜੀ.ਪੀ.ਐਫ. ਅਤੇ ਹੋਰ ਪੈਨਸ਼ਰੀ ਲਾਭ ਪਰਿਵਾਰ ਦੇ ਵਿੱਤੀ ਹਾਲਾਤ ਘੋਖਣ ਲਈ ਨਹੀ ਗਿਣੇ ਜਾਣੇ ਹਨ।(ਕਾਪੀ ਨੱਥੀ ਹੈ)**(ਫਲੈਗ-3)**

ਸਰਕਾਰ ਦੀਆਂ ਹਦਾਇਤਾਂ ਮਿਤੀ 21.02.11 ਅਨੁਸਾਰ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਮੇਂ ਮ੍ਰਿਤਕ ਦੇ ਪਰਿਵਾਰ ਦੇ ਹਾਲਾਤ **"If the family of the deceased employee is unable to meet the finacial crisis resulting from the death of the employees"** ਹੋਣੇ ਚਾਹੀਦੇ ਹਨ (**ਫਲੈਗ-4**) ਜਿਸ ਤੇ ਸਹਾਇਕ ਕਮਿਸ਼ਨਰ ਵਲੋਂ ਮਿਤੀ 27.09.2022 ਨੂੰ ਸੈਨੇਟਰੀ ਸੁਪਰਡੰਟ ਰਾਹੀਂ ਸ਼੍ਰੀ ਜਨਕ ਰਾਜ, ਸੈਨੇਟਰੀ ਇੰਸਪੈਕਟਰ ਦੀ ਡਿਊਟੀ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਦੇ ਮੌਕੇ ਤੇ ਵਿੱਤੀ ਹਾਲਾਤ ਘੋਖਣ ਲਈ ਅਤੇ **"Family is indigent and deserve immediate assistance" ਹੈ ਜਾਂ ਨਹੀ ਅਤੇ ਮ੍ਰਿਤਕ ਦਾ ਲੜਕਾ ਸ਼੍ਰੀ ਸੂਰਜ (ਸ਼ਾਦੀਸ਼ੁਦਾ) ਮ੍ਰਿਤਕ ਕਰਚਮਾਰੀ ਤੇ ਆਸ਼ਰਿਤ ਹੈ ਜਾਂ ਨਹੀ ਅਤੇ ਉਸ ਵਲੋਂ ਮ੍ਰਿਤਕ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਕੋਈ ਵਿੱਤੀ ਜਾ ਮਾਲੀ ਮੱਦਦ ਕੀਤੀ ਜਾ ਰਹੀ ਹੈ ਜਾ ਨਹੀ** ਸਬੰਧੀ ਰਿਪੋਰਟ ਕਰਨ ਲਈ ਲਗਾਈ ਗਈ ਸੀ।

ਸ਼੍ਰੀ ਜਨਕ ਰਾਜ, ਸੈਨੇਟਰੀ ਇੰਸਪੈਕਟਰ ਵਲੋਂ ਕੀਤੀ ਗਈ ਰਿਪੋਰਟ ਮਿਤੀ 21.10.2022 ਅਨੁਸਾਰ ਸ਼੍ਰੀ ਸੂਰਜ(ਸ਼ਾਦੀਸ਼ੁਦਾ), ਜੋ ਪ੍ਰਾਈਵੇਟ ਕੰਮ ਕਰਦਾ ਹੈ ਅਤੇ 250/- ਰੁਪਏ ਪ੍ਰਤੀ ਦਿਨ ਦਿਹਾੜੀ ਕਰਦਾ ਹੈ, ਓਹ ਪਰਿਵਾਰ ਵਿੱਚ ਇਕੱਠੇ ਰਹਿੰਦੇ ਹਨ ਮ੍ਰਿਤਕ ਦੇ ਘਰ ਦਾ ਗੁਜਾਰਾ ਚਲਣਾ ਬੜਾ ਮੁਸ਼ਕਿਲ ਹੈ, ਤਸਦੀਕ ਕੀਤਾ ਗਿਆ ਹੈ। ਇਸ ਦੇ ਨਾਲ ਪ੍ਰਾਰਥੀ ਸ਼੍ਰੀ ਕਰਨ ਪੁੱਤਰ ਸ਼੍ਰੀ ਤਰਸੇਮ ਲਾਲ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰਸ ਦੇ ਅਧਾਰ ਤੇ ਨੌਕਰੀ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।(**ਫਲੈਗ-5**)

ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਹਦਾਇਤਾਂ ਮਿਤੀ 21.11.2002 ਅਨੁਸਾਰ ਗਰੁੱਪ-ਡੀ ਲਈ ਪੰਜਵੀ ਪਾਸ ਦੀ ਵਿਦਿਅਕ ਯੋਗਤਾ ਨਿਰਧਾਰਿਤ ਹੈ। ਇਸ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਜਾਰੀ ਮੀਮੋ ਨੰ:14/42/05-5ਸਸ1/2549 ਮਿਤੀ 31.03.2006 ਅਨੁਸਾਰ ਦਰਜਾ-4(ਗਰੁੱਪ-ਡੀ) ਕਰਮਚਾਰੀਆਂ ਨੂੰ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤ ਦੇ ਕੇਸ ਵਿੱਚ ਪੰਜਵੀ ਪਾਸ ਵਿੱਦਿਅਕ ਯੋਗਤਾ ਦੀ ਸ਼ਰਤ ਵਿੱਚ ਢਿੱਲ ਦਿੱਤੀ ਹੋਈ ਹੈ।(**ਫਲੈਗ-6**) ਪ੍ਰਾਰਥੀ ਸ਼੍ਰੀ ਕਰਨ ਪੁੱਤਰ ਸ਼੍ਰੀ ਤਰਸੇਮ ਲਾਲ ਵਲੋਂ ਅਠੱਵੀਂ ਦੇ ਸਰਟੀਫਿਕੇਟ ਅਨੁਸਾਰ ਉਸ ਵਲੋਂ ਈ ਗ੍ਰੇਡ(ਔਸਤ ਤੋਂ ਘੱਟ) ਪ੍ਰਾਪਤ ਕੀਤਾ ਹੈ। ਉਸ ਦੇ ਜਨਮ ਸਰਟੀਫਿਕੇਟ ਅਨੁਸਾਰ ਉਸ ਦੀ ਜਨਮ ਮਿਤੀ 03.09.2000 ਹੈ, ਜਿਸ ਅਨੁਸਾਰ ਤਰਸ ਦੇ ਆਧਾਰ ਤੇ ਨੌਕਰੀ ਲਈ ਦਿੱਤੀ ਬੇਨਤੀ ਦੀ ਮਿਤੀ 22.10.2021 ਨੂੰ ਉਸ ਦੀ ਉਮਰ ਲਗਭਗ 21 ਸਾਲ 01 ਮਹੀਨੇ ਤੇ 16 ਦਿਨ ਬਣਦੀ ਹੈ (**ਫਲੈਗ-7**) ਅਤੇ ਸਫਾਈ ਸੇਵਕ ਦੀ ਅਸਾਮੀ ਦੀਆਂ ਸ਼ਰਤਾਂ ਪੂਰੀਆ ਕਰਦਾ ਹੈ।

ਦਫਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਰਾਹੀਂ ਉਪਮੰਡਲ ਮੈਜਿਸਟਰੇਟ, ਹੁਸ਼ਿਆਰਪੁਰ ਪਾਸੋਂ ਪ੍ਰਾਪਤ ਹੋਈ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਦੇ ਵਿੱਤੀ ਹਾਲਾਤ ਦੀ ਵੈਰੀਫਿਕੇਸ਼ਨ ਰਿਪੋਰਟ ਮਿਤੀ 26.08.2022 ਅਤੇ ਸੈਨੇਟਰੀ ਇੰਸਪੈਕਟਰ ਦੀ ਰਿਪੋਰਟ ਮਿਤੀ 21.10.2022 ਦੇ ਸਨਮੁੱਖ ਇਹ ਕੇਸ ਸਰਕਾਰ ਵਲੋਂ ਤਰਸ ਦੇ ਆਧਾਰ ਤੇ ਨਿਯੁਕਤੀ ਸਬੰਧੀ ਹਦਾਇਤਾਂ ਮਿਤੀ 21.11.2002, 02.06.2004 18.07.2005 ਅਤੇ ਮਿਤੀ 21.02.2011 ਅਨੁਸਾਰ ਤਸਦੀਕ ਕਰਦੇ ਹੋਏ ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਸ਼ਿਵ ਲਾਲ, ਸਫਾਈ ਸੇਵਕ ਦੀ ਸੇਵਾ ਦੌਰਾਨ ਮੌਤ ਹੋ ਜਾਣ ਤੇ ਉਸ ਦੀ ਲੜਕੇ ਸ਼੍ਰੀ ਕਰਨ ਨੂੰ ਤਰਸ ਦੇ ਆਧਾਰ ਤੇ ਬਤੌਰ ਸਫਾਈ ਸੇਵਕ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:7/204/2012-4 ਵਿਪ੍ਰ1/60 ਮਿਤੀ 15.01.2015 ਅਤੇ ਸਰਕਾਰ ਨੋਟੀਫਿਕੇਸ਼ਨ ਨੰ:G.S.R.66/Cont./Art.309/ **Amd.(5)/2016** ਮਿਤੀ 26.09.2016 ਅਨੁਸਾਰ 3 ਸਾਲ ਦੇ ਪਰਖਕਾਲ ਸਮੇਂ ਤੇ ਪੰਜਾਬ ਸਰਕਾਰ ਦੇ ਪੱਤਰ ਨੰ:7/42/2020- 5ਐਫ.ਪੀ.1/741-746 ਮਿਤੀ 17.07.2020 ਅਤੇ ਹਦਾਇਤਾਂ ਪੱਤਰ ਨੰ: ਅੰ.ਵਿ.ਪੱ.ਨੰ:7/87/2020-5ਐਫ.ਪੀ.1/534 ਮਿਤੀ 06.05.2021 ਅਨੁਸਾਰ 7ਵੇਂ ਸੈਂਟਰਲ ਪੇਅ ਕਮਿਸ਼ਨ ਅਧੀਨ ਨਿਯੁੱਕਤ ਕਰਨ ਦੀ ਪ੍ਰਵਾਨਗੀ ਪ੍ਰਾਪਤ ਕਰਨ ਦਾ ਮਾਮਲਾ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ **ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

3) **ਬਜਟ ਸਾਲ 2022-23 ਵਿੱਚ ਸਫਾਈ ਮੇਟ ਦੀਆਂ ਅਸਾਮੀਆਂ ਦਾ ਖਰਚਾ ਪ੍ਰਵਾਨ ਕਰਨ ਸਬੰਧੀ।**

**ਰਿਪੋਰਟ ਦਫਤਰ ਸਮੇਤ ਸਿਫਾਰਸ਼ ਸੁਪਰਡੰਟ ਅਮਲਾ ਕਿ** ਨਗਰ ਨਿਗਮ ਦੀ ਹੈਲਥ ਸ਼ਾਖਾ ਵਲੋਂ ਮਿਤੀ 09.06.2022 ਨੂੰ ਕੀਤੀ ਗਈ ਰਿਪੋਰਟ ਅਨੁਸਾਰ ਨਗਰ ਨਿਗਮ ਦੇ ਹਾਊਸ ਵਲੋਂ ਆਪਣੇ ਮਤਾ ਨੰ:78 ਮਿਤੀ 24.11.2021 ਰਾਹੀਂ ਹੈਲਥ ਸ਼ਾਖਾ ਦੇ ਫੀਲਡ ਦੇ ਕੰਮ ਦੇ ਵਧੀਆ ਢੰਗ ਦੇ ਨਿਪਟਾਰਾ/ਦੇਖਰੇਖ ਲਈ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(5) ਅਧੀਨ ਨਗਰ ਨਿਗਮ, ਹੁਸ਼ਿਆਰਪੁਰ ਵਿੱਚ 10 ਸਫਾਈ ਮੇਟਾਂ ਦੀਆਂ ਅਸਾਮੀਆਂ ਦੀ ਸਿਰਜਨਾ ਕਰਨ ਬਜਟ ਸਾਲ 2021-22 ਵਿੱਚ ਉਕੱਤ ਅਸਾਮੀਆਂ ਦੇ ਖਰਚੇ ਦੀ ਤਜਵੀਜ ਪਾਸ ਕੀਤੀ ਗਈ ਸੀ। ਜਿਸ ਨੂੰ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ:

ਸ5-ਡਸਸ-ਮਸਸ-2021/48910 ਮਿਤੀ 16.12.2021 ਰਾਹੀਂ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਬਜਟ ਵਿੱਚ ਇਨ੍ਹਾਂ ਅਸਾਮੀਆਂ ਦੇ ਖਰਚੇ ਦਾ ਉਪਬੰਧ ਕਰਨ ਲਈ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਮਿਉਂਸਪਲ ਸਫਾਈ ਕਰਮਚਾਰੀ ਸਰਵਿਸ ਰੂਲ, 1984 ਅਧੀਨ ਸਫਾਈ ਮੇਟ ਦੀ ਅਸਾਮੀ ਸੀਨੀਆਰਤਾਂ-ਕਮ-ਮੈਰਿਟ ਦੇ ਆਧਾਰ ਤੇ ਤਰੱਕੀ ਦੀ ਅਸਾਮੀ ਹੈ। ਪੰਜਾਬ ਸਰਕਾਰ ਵਲੋਂ ਜਾਰੀ ਛੇਵੇਂ ਪੇਅ ਕਮਿਸ਼ਨ ਅਧੀਨ ਸਫਾਈ ਸੇਵਕ ਅਤੇ ਸਫਾਈ ਮੇਟ ਦੀ ਅਸਾਮੀ ਦੋਨੋ ਪੇਅ ਸਕੇਲ ਵਿੱਚ ਲੈਵਲ-1 ਅਧੀਨ ਆਉਂਦੀਆਂ ਹਨ। ਪੰਜਾਬ ਸਿਵਲ ਸੇਵਾਵਾਂ ਦੇ ਅਧਿਆਏ 4 ਦੇ ਨਿਯਮ 4.1(i) ਅਨੁਸਾਰ "ਜੇਕਰ ਨਵੀ ਅਸਾਮੀ ਤੇ ਨਿਯੁੱਕਤੀ ਵਿੱਚ ਅਜਿਹੀ ਸਥਾਈ ਅਸਾਮੀ ਨਾਲ ਸਬੰਧਤ ਡਿਊਟੀਆਂ ਜਾਂ ਜਿਮੇਂਵਾਰੀਆਂ ਨਾਲੋ ਵਧੇਰੀ ਮਹੱਤਤਾ ਵਾਲੀਆ ਡਿਊਟੀਆਂ ਜਾਂ ਜਿਮੇਂਵਾਰੀਆਂ ਸ਼ਾਮਲ ਹੋਣ, ਤਦ ਉਹ ਮੁਢੱਲੇ ਤਨਖਾਹ ਦੇ ਤੌਰ ਤੇ ਉਹ ਤਨਖਾਹ ਲਵੇਗਾ, ਜੋ ਉਸ ਦੀ ਪੁਰਾਣੀ ਅਸਾਮੀ ਤੇ ਸਮਾਂ ਸਕੇਲ ਵਿੱਚ ਪੱਕੀ ਤਨਖਾਹ ਤੋ ਤਰੁੰਤ ਉਪਰ ਦੀ ਸਟੇਜ ਹੈ"। ਜਿਸ ਅਨੁਸਾਰ ਸਫਾਈ ਮੇਟ ਦੀ ਅਸਾਮੀ ਤੇ ਤਰੱਕੀ ਲਈ ਯੋਗ ਕਰਮਚਾਰੀਆਂ ਨੂੰ ਕੇਵਲ ਇੱਕ ਸਲਾਨਾਂ ਤਰੱਕੀ ਤੋ ਇਲਾਵਾ ਹੋਰ ਕੋਈ ਵਾਧੂ ਵਿੱਤੀ ਲਾਭ ਨਹੀ ਦਿੱਤਾ ਜਾਣਾ ਹੈ।ਸਫਾਈ ਸੇਵਕਾਂ ਵਿੱਚੋ ਬਤੌਰ ਸਫਾਈ ਮੇਟ ਤਰੱਕੀ ਦੇਣ ਨਾਲ ਇੱਕ ਕਰਮਚਾਰੀ ਦੀ ਤਨਖਾਹ ਵਿੱਚ ਲੱਗਭਗ 1932/- ਰੁਪਏ ਮਹੀਨੇ ਅਤੇ 23,184/- ਰੁਪਏ ਸਲਾਨਾਂ ਦਾ ਵਾਧੂ ਖਰਚਾ ਹੋਵੇਗਾ। ਜਿਸ ਅਨੁਸਾਰ 10 ਕਰਮਚਾਰੀਆਂ ਨੂੰ ਤਰੱਕੀ ਦੇਣ ਨਾਲ ਲੱਗਭਗ 19320/- ਮਹੀਨਾ ਅਤੇ 2,31,840/- ਸਲਾਨਾਂ ਦਾ ਸਾਲ 2022-23 ਦੇ ਬਜਟ ਵਿੱਚ ਵਾਧੂ ਖਰਚਾ ਹੋਵੇਗਾ।

ਨਗਰ ਨਿਗਮ ਦੇ ਬਜਟ ਸਾਲ 2022-23 ਵਿੱਚ ਉਕੱਤ ਅਸਾਮੀਆਂ ਅਤੇ ਇਨ੍ਹਾਂ ਦਾ ਖਰਚਾ ਸ਼ਾਮਲ ਨਹੀ ਹੈ। ਇਸ ਲਈ ਨਗਰ ਨਿਗਮ ਦੇ ਬਜਟ ਸਾਲ 2022-23 ਵਿੱਚ ਸਫਾਈ ਮੇਟ ਦੀਆਂ 10 ਅਸਾਮੀਆਂ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਨੂੰ ਤਰੱਕੀ ਰਾਹੀਂ ਭਰਨ ਤੇ ਆਉਣ ਵਾਲੇ ਖਰਚ ਨੂੰ ਪ੍ਰਵਾਨ ਕਰਨ ਦਾ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ **ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

4) **ਕਲਰਕਾਂ ਵਿਚੋਂ 50:50 ਦੀ ਰੇਸ਼ੋ ਨਾਲ ਜੂਨੀਅਰ ਸਹਾਇਕ ਦੀ ਪਲੇਸਮੈਂਟ ਦੇਣ ਸਬੰਧੀ।**

**ਰਿਪੋਰਟ ਦਫਤਰ ਸਮੇਤ ਸਿਫਾਰਸ਼ ਸੁਪਰਡੰਟ ਅਮਲਾ ਕਿ** ਸ਼੍ਰੀ ਸੋਨੂੰ, ਕਲਰਕ ਵਲੋਂ ਦਫਤਰ ਦੇ ਰਸੀਦ ਨੰ: 5213 ਮਿਤੀ 06.12.22 ਰਾਹੀਂ ਬਿਨੈ-ਪੱਤਰ ਦਿੰਦੇ ਹੋਏ ਲਿਖਿਆ ਹੈ ਕਿ ਉਨ੍ਹਾਂ ਨੂੰ ਬਤੌਰ ਕਲਰਕ ਕੰਮ ਕਰਦੇ ਹੋਏ ਪੰਜ ਸਾਲ ਤੋ ਵੱਧ ਦਾ ਸਮਾਂ ਹੋ ਚੁੱਕਾ ਹੈ। ਇਸ ਲਈ ਉਨ੍ਹਾਂ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਕਰਨ ਅਤੇ ਬਣਦਾ ਲਾਭ ਦੇਣ ਦੀ ਮੰਗ ਕੀਤੀ ਹੈ।

ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪਿੱਠ ਅੰਕਣ ਨੰ: ਲੇਖਾਕਾਰ-6- ਉਕਵਲ -ਡਸਸ-12/20712-893 ਮਿਤੀ 10.07.12 ਰਾਹੀਂ ਪੰਜਾਬ ਸਰਕਾਰ ਦਾ ਪੱਤਰ ਨੰ:05/10/09-5ਐਫ.ਪੀ.ਆਈ.1/983-987 ਮਿਤੀ 15.12.2011 ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਪੰਜਾਬ ਸਰਕਾਰ ਵਲੋਂ ਪਹਿਲਾ ਜਾਰੀ ਨੋਟੀਫਿਕੇਸ਼ਨ ਨੰ:5/10409/5ਐਫ.ਪੀ.1/207 ਮਿਤੀ 27.05.09 ਰਾਹੀਂ ਕਲਰਕ/ਜੂਨੀਅਰ ਸਹਾਇਕ ਨੂੰ ਜੋ ਸਕੇਲ ਦਿੱਤੇ ਗਏ ਸਨ, ਉਨ੍ਹਾਂ ਨੂੰ ਮਿਤੀ 01.12.11 ਤੋਂ ਰਿਵਾਇਜ਼ਡ ਕਰਦੇ ਹੋਏ ਕਲਰਕਾਂ ਨੂੰ ਤਨਖਾਹ ਸਕੇਲ 10300-34800+ਗ੍ਰੇਡ ਪੇਅ 3200/- ਅਤੇ ਜੂਨੀਅਰ ਸਹਾਇਕ ਨੂੰ ਤਨਖਾਹ ਸਕੇਲ 10300-34800+ ਗ੍ਰੇਡ ਪੇਅ 3600/- ਦਾ ਲਾਭ ਦਿੰਦੇ ਹੋਏ ਲਿਖਿਆ ਸੀ ਕਿ ਕਲਰਕ ਦੇ ਕੇਡਰ ਦੀਆਂ ਕੁੱਲ ਅਸਾਮੀਆਂ ਨੂੰ 50:50 ਦੀ ਰੇਸ਼ੋ ਨਾਲ ਕਲਰਕਾਂ ਅਤੇ ਜੂਨੀਅਰ ਸਹਾਇਕਾਂ ਵਿੱਚ bifurcate ਕੀਤਾ ਜਾਣਾ ਜਾਰੀ ਰਖਿਆ ਜਾਵੇ ਅਤੇ ਜੂਨੀਅਰ ਸਹਾਇਕ ਦੀ ਅਸਾਮੀ ਪਲੇਸਮੈਂਟ ਰਾਹੀਂ ਕਲਰਕਾਂ ਦੀਆਂ ਕੁੱਲ ਅਸਾਮੀਆਂ ਵਿਚੋਂ ਭਰੀ ਜਾਵੇ, ਜੋ ਕਲਰਕ ਪਲੇਸਮੈਂਟ ਦੇ ਸਮੇਂ ਕੰਮ ਕਰ ਰਹੇ ਹਨ ਅਤੇ ਕੇਡਰ ਵਿੱਚ ਘਟੋਂ-ਘੱਟ ਪੰਜ ਸਾਲ ਦਾ ਤਜਰਬਾ ਰੱਖਦੇ ਹੋਣ।(**ਫਲੈਗ-1**)

ਸਾਲ 2020-21 ਵਿੱਚ ਨਗਰ ਨਿਗਮ ਦੇ ਮਤਾ ਨੰ: 121 ਮਿਤੀ 04.07.2022 ਰਾਹੀਂ ਮਿਤੀ 01.12.2020 ਨੂੰ ਕੰਮ ਕਰ ਰਹੇ ਕੁੱਲ 12(7 ਕਲਰਕਾਂ/5 ਜੂਨੀਅਰ ਸਹਾਇਕਾਂ) ਵਿਚੋ 1 ਕਲਰਕ ਨੂੰ 50:50 ਦੀ ਰੇਸ਼ੋ ਵਿੱਚ ਜੂਨੀਅਰ ਸਹਾਇਕ ਦੀ ਪਲੇਸਮੈਂਟ ਦਿੱਤੀ ਗਈ ਸੀ। **(ਫਲੈਗ-2)** ਇਸ ਤੋ ਬਾਅਦ ਸ਼੍ਰੀ ਹਰੀਸ਼ ਕੁਮਾਰ, ਜੂਨੀਅਰ ਸਹਾਇਕ ਦੀ ਮਿਤੀ 07.01.2022 ਨੂੰ ਤਰੱਕੀ ਬਤੌਰ ਇੰਸਪੈਕਟਰ ਤਰੱਕੀ ਹੋ ਗਈ ਹੈ ਅਤੇ ਸ਼੍ਰੀ ਨੀਰਜ ਨੰਦਾ, ਕਲਰਕ ਨਗਰ ਨਿਗਮ ਪਠਾਨਕੋਟ ਤੋਂ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਬਦਲੀ ਰਾਹੀਂ ਆਏ। ਜਿਸ ਨਾਲ ਮੌਜੂਦਾਂ ਸਮੇਂ ਕੁੱਲ 12 (7 ਕਲਰਕ/5 ਜੂਨੀਅਰ ਸਹਾਇਕ) ਸੇਵਾ ਵਿੱਚ ਹਨ, ਜਿਨ੍ਹਾਂ ਵਿਚੋ ਮਿਤੀ 01.12.2021 ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ 50:50 ਦੀ ਰੇਸ਼ੋ ਨਾਲ ਇੱਕ ਕਲਰਕ ਨੂੰ ਜੂਨੀਅਰ ਸਹਾਇਕ ਦੀ ਪਲੇਸਮੈਂਟ ਦਿੱਤੀ ਜਾ ਸਕਦੀ ਹੈ। ਮੌਜੂਦਾਂ ਸਮੇਂ ਨਗਰ ਨਿਗਮ ਵਿੱਚ ਕੰਮ ਕਰ ਰਹੇ ਕਲਰਕਾਂ/ਜੂਨੀਅਰ ਸਹਾਇਕਾਂ ਦੀ ਸੀਨੀਆਰਤਾਂ ਸੂਚੀ ਹੇਠ ਅਨੁਸਾਰ ਹੈ ਜੀ:-

| **ਲੜੀ ਨੰ:** | **ਕਰਮਚਾਰੀ ਦਾ ਨਾਮ** | **ਮੌਜੂਦਾਂ ਆਹੁਦਾ** | **ਨਿਯੁੱਕਤੀ/ਤਰੱਕੀ ਦੀ ਮਿਤੀ** | **ਸਰਕਾਰ ਦੀ ਹਦਾਇਤਾਂ ਅਨੁਸਾਰ ਮਿਤੀ 01.12.2022 ਤੋ ਲਾਭ ਦਿੱਤੇ ਜਾਣ ਤੋ ਬਾਦ ਆਹੁਦਾ** |
|---|---|---|---|---|
| 1 | ਸ਼੍ਰੀਮਤੀ ਰੇਖਾ ਰਾਣੀ | ਜੂਨੀਅਰ ਸਹਾਇਕ | 17.09.2004 | ਜੂਨੀਅਰ ਸਹਾਇਕ |
| 2 | ਸ਼੍ਰੀ ਦੀਪਕ ਸ਼ਰਮਾ | ਜੂਨੀਅਰ ਸਹਾਇਕ | 09.01.2009 | ਜੂਨੀਅਰ ਸਹਾਇਕ |

| | | | | |
|---|---|---|---|---|
| 3 | ਮਿਸ ਜੋਤੀ ਸੈਣੀ | ਜੂਨੀਅਰ ਸਹਾਇਕ | 09.02.2011 | ਜੂਨੀਅਰ ਸਹਾਇਕ |
| 4 | ਸ਼੍ਰੀ ਹੀਰਾ ਲਾਲ | ਜੂਨੀਅਰ ਸਹਾਇਕ | 28.11.2011 | ਜੂਨੀਅਰ ਸਹਾਇਕ |
| 5 | ਸ਼੍ਰੀ ਕੁਲਵਿੰਦਰ ਸਿੰਘ | ਜੂਨੀਅਰ ਸਹਾਇਕ | 28.11.2011 | ਜੂਨੀਅਰ ਸਹਾਇਕ |
| 6 | ਸ਼੍ਰੀ ਸੋਨੂੰ | ਕਲਰਕ | 28.11.2011 | ਜੂਨੀਅਰ ਸਹਾਇਕ |
| 7 | ਸ਼੍ਰੀ ਰਾਹੁਲ ਸ਼ਰਮਾ | ਕਲਰਕ | 28.11.2011 | ਕਲਰਕ |
| 8 | ਸ਼੍ਰੀਮਤੀ ਕਿਰਨ ਜੋਤੀ | ਕਲਰਕ | 28.11.2011 | ਕਲਰਕ |
| 9 | ਸ਼੍ਰੀ ਵਿਨੈ ਉਪਲ | ਕਲਰਕ | 24.05.2013 | ਕਲਰਕ |
| 10 | ਸ਼੍ਰੀ ਰਮਨਕਾਂਤ ਜੱਗੀ | ਕਲਰਕ | 24.05.2013 | ਕਲਰਕ |
| 11 | ਮਿਸ ਜਸਪ੍ਰੀਤ ਕੌਰ | ਕਲਰਕ | 05.05.2015 | ਕਲਰਕ |
| 12 | ਸ਼੍ਰੀ ਨੀਰਜ ਨੰਦਾ | ਕਲਰਕ | 13.08.2021 | ਕਲਰਕ |

ਉਕੱਤ ਸੀਨੀਆਰਤਾਂ ਸੂਚੀ ਦੇ ਲੜੀ ਨੰ:6 ਤੇ ਦਰਜ ਸ਼੍ਰੀ ਸੋਨੂੰ, ਕਲਰਕ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਦਿੱਤੀ ਜਾਣੀ ਬਣਦੀ ਹੈ। ਜਿਸ ਨਾਲ ਉਸ ਦਾ ਮੌਜੂਦਾਂ ਤਨਖਾਹ ਸਕੇਲ 10300-34800+ ਗ੍ਰੇਡ ਪੇ 3200/- ਤੋ ਵੱਧ ਤੇ 10300-34800+ ਗ੍ਰੇਡ ਪੇ 3600/- ਹੋ ਜਾਵੇਗਾ। ਸਬੰਧਤ ਕਰਮਚਾਰੀ ਦੇ ਸ਼ਾਖਾ ਮੁਖੀ ਵਲੋਂ ਉਨ੍ਹਾਂ ਦੇ ਕੰਮ ਕਾਜ ਤਸੱਲੀ ਬਖਸ਼ ਹੋਣ ਦੀ ਰਿਪੋਰਟ ਕੀਤੀ ਗਈ ਹੈ ਅਤੇ ਮੁੱਖ ਸ਼ਾਖਾ ਵਲੋਂ ਸਬੰਧਤ ਕਰਮਚਾਰੀਆਂ ਦੀਆਂ ਸਾਲ 2017-18 ਤੋਂ 2021-22 ਤੱਕ ਦੀਆਂ ਉਪਲਬਧ ਕਰਵਾਈਆ ਗਈਆ ਗੁਪਤ ਰਿਪੋਰਟ ਨਾਲ ਨੱਥੀ ਹਨ, ਜਿਨ੍ਹਾਂ ਵਿਚੋਂ 5 ਗੁਪਤ ਰਿਪੋਰਟਾਂ ਵਿੱਚ ਕਰਮਚਾਰੀ ਦਾ ਖਾਕਾ ਦਰਜਾ ਬਹੁਤ ਅੱਛਾ ਦਰਜ ਹੈ ਅਤੇ ਇੱਕ ਗੁਪਤ ਰਿਪੋਰਟ ਵਿੱਚ ਖਾਕਾ ਦਰਜਾਂ ਔਸਤ ਦਰਜ ਹੈ। ਜੇਕਰ ਇਸ ਕਲਰਕ ਨੂੰ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਦਿੱਤੀ ਜਾਂਦੀ ਹੈ ਤਾਂ ਨਗਰ ਨਿਗਮ ਦੇ ਮਾਲੀ ਸਾਲ 2022-23 ਦੇ ਬਜਟ ਤੇ ਲਗਭਗ 2084/- ਮਹੀਨਾ ਅਤੇ 25008/- ਸਲਾਨਾ ਦਾ ਵਾਧੂ ਵਿੱਤੀ ਬੋਝ ਪਵੇਗਾ। ਇਸ ਲਈ ਜੇਕਰ ਪ੍ਰਵਾਨ ਉਕੱਤ ਸੀਨੀਆਰਤਾਂ ਸੂਚੀ ਦੇ ਲੜੀ ਨੰ:6 ਤੇ ਦਰਸਾਏ ਸ਼੍ਰੀ ਸੋਨੂੰ, ਕਲਰਕ ਨੂੰ ਮਿਤੀ 01.12.2022 ਤੋਂ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਦੇਣ ਦਾ ਮਾਮਲਾ ਨਗਰ ਨਿਗਮ ਦੇ ਹਾਊਸ ਮੀਟਿੰਗ ਵਿੱਚ **ਵਿਚਾਰਨ ਅਤੇ ਫੈਸਲੇ** ਹਿੱਤ ਪੇਸ਼ ਹੈ ਜੀ।

**5) <u>ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਠੇਕੇ ਤੇ ਭਰਤੀ ਸਬੰਧੀ ਸ਼ਰਤਾਂ ਵਿਚ ਸੋਧ ਕਰਨ ਸਬੰਧੀ।</u>**

ਰਿਪੋਰਟ ਅਮਲਾ ਕਲਰਕ ਸਮੇਤ ਸਿਫਾਰਸ਼ ਸੁਪਰਡੰਟ ਕਿ ਸਫਾਈ ਕਰਮਚਾਰੀ ਯੂਨੀਅਨ (ਰਜਿ:) ਨਗਰ ਨਿਗਮ ਹੁਸ਼ਿਆਰਪੁਰ ਵਲੋਂ ਮਾਨਯੋਗ ਮੇਅਰ ਅਤੇ ਮਾਨਯੋਗ ਕਮਿਸ਼ਨਰ ਮਿਤੀ 15.12.2022 ਨੂੰ ਮੰਗ ਪੱਤਰ ਦੇ ਕੇ ਬੇਨਤੀ ਕੀਤੀ ਗਈ ਹੈ ਕਿ 150 ਸਫਾਈ ਸੇਵਕਾਂ ਅਤੇ 30 ਸੀਵਰਮੈਨਾਂ ਦੀ ਠੇਕੇ ਦੇ ਅਧਾਰ ਤੇ ਭਰਤੀ ਕੀਤੀ ਜਾ ਰਹੀ ਹੈ। ਇਸ ਭਰਤੀ ਦੀਆਂ ਸ਼ਰਤਾਂ ਮੁਤਾਬਿਕ ਇਸ ਭਰਤੀ ਵਿਚ ਸਥਾਨਕ ਸਰਕਾਰ ਵਿਭਾਗ ਪੰਜਾਬ ਅਧੀਨ ਪਹਿਲਾਂ ਤੋਂ ਕੰਮ ਕਰਦੇ ਉਮੀਦਵਾਰਾਂ ਨੂੰ ਤਰਜੀਹ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇੱਥੇ ਦੱਸਣਯੋਗ ਹੈ ਕਿ ਉਕਤ ਅਸਾਮੀਆਂ ਦੀ ਰਚਨਾਂ ਕਰਵਾਉਣ ਅਤੇ ਇਹਨਾਂ ਅਸਾਮੀਆਂ ਦੀ ਠੇਕੇ ਤੇ ਭਰਤੀ ਕਰਨ ਲਈ ਸਫਾਈ ਕਰਮਚਾਰੀ ਯੂਨੀਅਨ (ਰਜਿ:) ਨਗਰ ਨਿਗਮ ਹੁਸ਼ਿਆਰਪੁਰ ਵਲੋਂ ਪਿੱਛਲੇ ਸਮੇਂ ਲਗਭਗ 22 ਦਿਨਾਂ ਦੀ ਹੜਤਾਲ ਕੀਤੀ ਗਈ ਸੀ, ਨਤੀਜੇ ਵਜੋਂ ਜਿੱਥੇ ਉਕਤ ਅਸਾਮੀਆਂ ਦੀ ਰਚਨਾ ਹੋਈ ਇਸ ਦੇ ਨਾਲ ਨਾਲ ਇਹਨਾਂ ਅਸਾਮੀਆਂ ਦੀ ਭਰਤੀ ਪ੍ਰਕਿਰਿਆ ਅਰੰਭੀ ਗਈ।

ਉਕਤ ਤੋਂ ਇਲਾਵਾ ਯੂਨੀਅਨ ਵਲੋਂ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਭਰਤੀ ਦੀਆਂ ਸ਼ਰਤਾਂ ਮੁਤਾਬਿਕ ਨਗਰ ਨਿਗਮ ਹੁਸ਼ਿਆਰਪੁਰ ਦਾ ਕੋਈ ਸਫਾਈ ਸੇਵਕ ਅਤੇ ਸੀਵਰਮੈਨ ਜਿਹਨਾਂ ਵਲੋਂ ਪਿੱਛਲੇ ਕਾਫੀ ਸਮੇਂ ਤੋਂ ਨਗਰ ਨਿਗਮ ਹੁਸ਼ਿਆਰਪੁਰ ਨੂੰ ਸੇਵਾਵਾਂ ਦਿੱਤੀਆਂ ਜਾ ਰਹੀਆ ਹਨ ਮੈਰਿਟ ਵਿਚ ਨਹੀਂ ਆ ਰਿਹਾ ਹੈ ਜਿਹਨਾਂ ਲਈ ਯੂਨੀਅਨ ਵਲੋਂ ਕਾਫੀ ਸੰਘਰਸ਼ ਕੀਤਾ ਜਾ ਰਿਹਾ ਹੈ। ਉਕਤ ਘਟਨਾਕ੍ਰਮ ਦੀ ਰੌਸ਼ਨੀ ਵਿਚ ਕੁਦਰਤੀ ਨਿਆ ਨੂੰ ਦੇਖਦੇ ਹੋਏ ਉਕਤ ਕੀਤੀ ਜਾ ਰਹੀ ਭਰਤੀ ਦੀ ਸ਼ਰਤ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਅਧੀਨ ਕੰਮ ਕਰਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ ਦੀ ਥਾਂ ਤੇ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਪਿੱਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਕਰਮਚਾਰੀਆਂ ਦੀ ਪਹਿਲ ਦੇ ਅਧਾਰ ਤੇ ਭਰਤੀ ਨੂੰ ਤਰਜੀਹ ਦਿੱਤੀ ਜਾਵੇਗੀ ਸਬੰਧੀ ਸੋਧ

ਕਰਨ ਉਪਰੰਤ ਹੀ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਫਾਈ ਸੇਵਕਾਂ/ਸੀਵਰਮੈਨਾਂ ਦੀ ਠੇਕੇ ਤੇ ਭਰਤੀ ਕੀਤੀ ਜਾਵੇ, ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

**6) <u>Enhancement in payment of Gratuity form Rs. 10 lacs to 20 lacs Approval thereof:</u>**

ਰਿਪੋਰਟ ਅਮਲਾ ਕਲਰਕ ਸਮੇਤ ਸਿਫਾਰਸ਼ ਲੇਖਾਕਾਰ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਵੱਲੋਂ ਪੰਜਾਬ ਸਰਕਾਰ ਦੇ ਫੈਸਲੇ ਮੁਤਾਬਿਕ ਸਥਾਨਕ ਸਰਕਾਰ ਦੇ ਪੱਤਰ ਨੰ: ਜਸ-ਓਕਵਲ-(      )-ਡਸਸ-2022/52359-559 ਮਿਤੀ 22.12.2022 ਰਾਹੀਂ ਮਿਤੀ 01.01.2016 ਤੋਂ ਮਿਤੀ 30.06.2021 ਦੌਰਾਨ ਸੇਵਾਮੁਕਤ ਹੋਏ ਕਰਮਚਾਰੀਆਂ ਨੂੰ 6-ਪੇ ਕਮਿਸ਼ਨ ਅਨੁਸਾਰ ਪੇਮੰਟ ਆਫ ਗਰੈਚੁਟੀ ਐਕਟ 1972 as Amended 2018 ਤਹਿਤ ਗਰੈਚੁਟੀ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ 10 ਲੱਖ ਤੋਂ ਵੱਧ ਤੋ ਵੱਧ 20 ਲੱਖ ਦੀ ਗਰੈਚੁਟੀ ਦੇਣ ਸਬੰਧੀ ਆਪਣੀ ਵਿੱਤੀ ਸਾਧਨਾ ਨੂੰ ਦੇਖਦੇ ਹੋਏ ਫੈਸਲਾ ਲੈਣਗੀਆਂ ਅਤੇ ਇਸ ਸਬੰਧੀ ਸਰਕਾਰ ਵੱਲੋਂ ਕੋਈ ਵਿੱਤੀ ਸਹਾਇਤਾ ਨਹੀ ਕੀਤੀ ਜਾਵੇਗੀ। ਹੋਏ ਕਰਮਚਾਰੀਆਂ ਨੂੰ ਗਰੈਚੁਟੀ ਦੀ ਅਦਾਇਗੀ ਮਿਊਂਸਪਲ ਫੰਡਾਂ ਵਿੱਚੋਂ ਕੀਤੀ ਜਾਵੇਗੀ। ਸਮੂਚੇ ਮਾਮਲੇ ਨੂੰ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

**7) <u>ਨਗਰ ਨਿਗਮ ਦੀ ਹੈਲਥ ਸਾਖਾ ਵਿੱਚ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਲਈ ਸਾਲ 2021-22 ਦਾ ਬਣਦਾ ਸਾਬਣ, ਤੇਲ ਦੇਣ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਦੀ ਹੈਲਥ ਸਾਖਾ ਵਿੱਚ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਸੋ ਦਾ ਤੇਲ, ਕਪੜੇ ਧੋਣ ਵਾਲਾ ਸਾਬਣ ਅਤੇ ਨਹਾਉਣ ਵਾਲਾ ਸਾਬਣ ਦੇਣਾ ਬਣਦਾ ਹੈ ਇਸ ਕੜੀ ਵਿੱਚ ਨਿਗਮ ਦੇ ਉਕਤ ਮੁਲਾਜਮਾ ਨੂੰ ਸਾਲ 2021-22 ਦਾ ਬਣਦਾ ਸਰਸੋਂ ਦਾ ਤੇਲ, ਕਪੜੇ ਧੋਣ ਵਾਲਾ ਸਾਬਣ, ਨਹਾਉਣ ਵਾਲਾ ਸਾਬਣ ਦੇਣਾ ਬਾਕੀ ਹੈ। ਉਪਰੋਕਤ ਸਮਾਨ ਨੂੰ ਸਫਾਈ ਸੇਵਕਾ ਨੂੰ ਹਰ ਸਾਲ ਦੇਣਾ ਹੁੰਦਾ ਹੈ। ਜਿਸ ਸਬੰਧੀ ਹੇਠ ਲਿਖੇ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ:-

| ਲੜੀ ਨੰ: | ਸਾਲ | ਕੁੱਲ ਕਰਮਚਾਰੀ | ਵਸਤੂ ਦਾ ਨਾਮ | ਵਸਤੂ ਦੀ ਮਾਤਰਾ | ਵਸਤੂ ਦਾ ਅਨੁਮਾਨਤ ਰੇਟ | ਕੁੱਲ ਖਰਚਾ |
|---|---|---|---|---|---|---|
| 1 | 2021-22 | 205 | ਸਰਸੋਂ ਦਾ ਤੇਲ (ਪ੍ਰਤੀ ਕਰਮਚਾਰੀ 03 ਲੀਟਰ) | 615-300= 315 ਸਟਾਕ ਵਿੱਚ (ਉਪਲਬਧ 300 ਲੀਟਰ) | 187/- ਪ੍ਰਤੀ ਲੀਟਰ(ਸਮੇਟ ਜੀ.ਐਸ.ਟੀ 5%) | 58,905/- |
| 2 | 2021-22 | 205 | ਕਪੜੇ ਧੋਣ ਵਾਲਾ ਸਾਬਣ (6 ਕਿਲੋਂ ਪ੍ਰਤੀ ਕਰਮਚਾਰੀ) | 1230-760= 470 ਕਿੱਲੋ ਸਟਾਕ ਵਿੱਚ ਉਪਲਬਧ 760 ਕਿੱਲੋ | 110/- ਪ੍ਰਤੀ ਕਿਲੋਂ(ਸਮੇਟ ਜੀ.ਐਸ.ਟੀ) | 51,700/- |
| 3 | 2021-22 | 205 | ਨਹਾਉਣ ਵਾਲਾ ਸਾਬਣ (24 ਪੀਸ ਪ੍ਰਤੀ ਕਰਮਚਾਰੀ) | 4920-1680= 3240 ਪੀਸ | 35.72/- ਪ੍ਰਤੀ ਪੀਸ (125 ਗ੍ਰਾਮ)(ਸਮੇਤ ਜੀ.ਐਸ.ਟੀ 18%) | 1,15,733/- |
| | | | | | | 2,26,338/- |
| | | | | | | 11500/- |
| | | | | | | 2,37,838/- |

ਤਖਮੀਨੇ ਅਨੁਸਾਰ ਉਪਰੋਕਤ ਵਸਤਾ ਦੀ ਖਰੀਦ ਤੇ 2,37,838/- ਰੁਪਏ ਦਾ ਖਰਚਾ ਆਉਣਾ ਹੈ। ਸਪਲਾਈ ਆਰਡਰ ਦੇਣ ਸਮੇਂ ਜੋ ਵੀ ਰੇਟ ਕੰਪਨੀ ਵੱਲੋਂ ਨਿਸ਼ਚਿਤ ਕੀਤਾ ਜਾਵੇਗਾ ਉਸ ਅਨੁਸਾਰ ਅਦਾਇਗੀ ਕੀਤੀ ਜਾਵੇਗੀ। ਇਹ ਤੇਲ ਤੇ ਸਾਬਣ ਦੀ ਖਰੀਦ M/s Khadi India Ethnic India, Mohali Punjab (ਸਰਕਾਰੀ ਏਂਜਸੀ) ਤੋਂ ਕੀਤੀ ਜਾਣੀ ਹੈ। ਇਨ੍ਹਾਂ ਵਸਤੂਆਂ ਦੀ ਖਰੀਦ ਕਰਨ ਅਤੇ ਆਉਣ ਵਾਲੇ ਖਰਚੇ ਸਬੰਧੀ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**8) <u>ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵਿਖੇ ਚੱਲ ਰਹੀ ਸੀਵਰ ਜੈਟਿੰਗ ਮਸ਼ੀਨ ਗੱਡੀ ਨੰ: PB07-Z-6112 ਦੇ ਪਾਰਟਸ ਦੀ ਖਰੀਦ ਕਰਨ ਬਾਰੇ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਹੁਸ਼ਿਆਰਪੁਰ ਦੀ ਸੈਨੀਟੇਸ਼ਨ ਸ਼ਾਖਾ ਵਿੱਚ ਸ਼ਹਿਰ ਦੀਆਂ ਮੇਨ ਸੀਵਰ ਲਾਈਨਾਂ ਨੂੰ ਚਾਲੂ ਕਰਨ ਲਈ ਸੀਵਰ ਜੈਟਿੰਗ ਮਸ਼ੀਨ ਗੱਡੀ ਨੰ **PB07-Z-6112** ਚੱਲ ਰਹੀ ਹੈ। ਇਹ ਸੀਵਰ ਜੈਟਿੰਗ ਮਸ਼ੀਨ ਸਾਲ 2009 ਵਿੱਚ ਨਗਰ ਕੌਂਸਲ ਹੁਸ਼ਿਆਰਪੁਰ ਦੇ ਸਮੇਂ ਦੌਰਾਨ ਖਰੀਦ ਕੀਤੀ ਗਈ ਸੀ, ਇਸ ਮਸ਼ੀਨ ਨੂੰ ਨਗਰ ਨਿਗਮ ਹੁਸ਼ਿਆਰਪੁਰ ਵਿੱਚ ਚੱਲਦਿਆਂ ਨੂੰ ਲਗਭਗ 14 ਸਾਲ ਹੋ ਚੁੱਕੇ ਹਨ। ਨਗਰ ਕੌਂਸਲ ਦੇ ਸਮੇਂ ਸ਼ਹਿਰ ਵਿੱਚ 31 ਵਾਰਡ ਸਨ ਅਤੇ ਸ਼ਹਿਰ ਦੀ ਆਬਾਦੀ ਲਗਭਗ 2 ਲੱਖ ਦੇ ਕਰੀਬ ਸੀ। ਇਸ ਸੀਵਰ ਜੈਟਿੰਗ ਮਸ਼ੀਨ ਰਾਹੀਂ ਇਹਨਾਂ ਵਾਰਡਾਂ ਦੀਆਂ ਮੇਨ ਸੀਵਰ ਲਾਈਨਾਂ ਨੂੰ ਚਾਲੂ ਕੀਤਾ ਜਾਂਦਾ ਸੀ।

ਇਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਹੁਸ਼ਿਆਰਪੁਰ ਵਿੱਚ ਮੌਜੂਦਾ ਸਮੇਂ ਵਿੱਚ 50 ਵਾਰਡ ਹਨ ਅਤੇ ਸ਼ਹਿਰ ਦੀ ਆਬਾਦੀ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਾਰਨ ਨਗਰ ਨਿਗਮ ਹੁਸ਼ਿਆਰਪੁਰ ਵਿੱਚ ਇੱਕੋ ਹੀ ਸੀਵਰ

| SR | Item Code | Description | HSN/SAC | Quantity | Rate | Amount |
|---|---|---|---|---|---|---|
| 1. | 36NZLRNC03 | NOZZLE, HIGH PRESSURE SEWER JETTING,ROUND HEAD; 1" F; FOR 226 LPM, 130 BAR; FOR KS-40 PRATISSOLI PUMP;1" * 120MTR LG THERMOPLASTIC HOSE- MAKE:NCT, ITALY,MODEL:CELLINA; NCT CODE: 5520.70 | 84136090 | NOS 2 | RS. 4,343.12 | RS. 8,686.24 |
| 2. | 3800200360 | PUMP H.P. JETTING KS-40 PRATISSOLI MAKE, GEAR BOX POSITION S3 DELIVERING 226 LPM AND 130 BAR AND 75 HP | 84135029 | NOS 1 | RS. 7,90,179.62 | RS. 7,90,179.62 |
| 3. | 6825401000 | SPLIT SHAFT PTO ASSY, 400 KGM, PZB MAKE, 25 KGM+40 KGM, WITH GROUNDED GEARS PTO, COMPLETE COMPONENTS & FLANGED COUPLINGS | 87059000 | NOS 1 | RS. 4,15,758.06 | RS. 4,15,758.06 |
| 4. | 3801500610 | VALVE BALL C.S. 3 WAY, ¾" BSP, WITH HANDLE, WORKING PRESSURE : 315 BAR, WATER JETTING JETTING APPLICATION, MAKE:- ZOLONTO/FALCON/AD OFF | 84818030 | NOS 1 | RS. 2,714.62 | RS. 2,714.62 |
| 5. | 43CHGS0020 | FREIGHT | 996791 | UNT 1 | RS. 9,500.00 | RS. 9,500.00 |
| | | | | | TOTAL | 12,26,839 |
| | | | | | GST | 220,309.76 |
| | | | | | ਕੁੱਲ ਖਰਚ | 14,47,148 |

ਜੈਟਿੰਗ ਮਸ਼ੀਨ ਹੋਣ ਕਾਰਨ ਸਾਰੇ ਵਾਰਡਾਂ ਦਾ ਸੀਵਰ ਦਾ ਕੰਮ ਵੀ ਵੱਧਣ ਕਾਰਨ ਇਸ ਮਸ਼ੀਨ ਦੀ ਚਲਾਈ ਵਿੱਚ ਵੀ ਵਾਧਾ ਹੋਇਆ ਹੈ। ਇਸ ਮਸ਼ੀਨ ਦੀ ਸਮੇਂ-ਸਮੇਂ ਤੇ ਨਗਰ ਨਿਗਮ ਵਲੋਂ ਸਰਵਿਸ ਕਰਵਾਈ ਜਾਂਦੀ ਹੈ। ਜਿਸ ਕਾਰਨ ਮਸ਼ੀਨ ਦੇ ਪਾਰਟਸ ਵੀ ਨਾ ਕੰਮ ਕਰਨ ਯੋਗ ਹੋ ਗਏ ਹਨ। ਇਹਨਾਂ ਪਾਰਟਸ ਦੀ ਰਿਪੇਅਰ ਨਹੀਂ ਹੋ ਸਕਦੀ ਹੈ ਇਸਲਈ ਇਹਨਾਂ ਪਾਰਟਸਾਂ ਦੀ ਨਵੀਂ ਖਰੀਦ ਕੀਤੀ ਜਾਣੀ ਹੈ। ਇਹਨਾਂ ਪਾਰਟਸ ਦੀ ਖਰੀਦ Authorised Agency M/s Kam-Avida, Pune ਤੋਂ ਕੀਤੀ ਜਾਣੀ ਹੈ। ਇਸ ਮਸ਼ੀਨ ਦੀ ਖਰੀਦ ਵੀ ਸਬੰਧਤ ਕੰਪਨੀ ਤੋਂ ਕੀਤੀ ਗਈ ਹੈ। ਖਰੀਦਣਯੋਗ ਪਾਰਟਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਉਕਤ ਸੀਵਰ ਜੈਟਿੰਗ ਦੇ ਪਾਰਟਸ ਦੀ ਖਰੀਦ ਤੇ ਕੁਟੇਸ਼ਨ ਅਨੁਸਾਰ ਪ੍ਰਾਪਤ ਕੀਤੀ ਲਗਭਗ 14,47,148/- ਰੁਪਏ ਖਰਚ ਆਉਣ ਦਾ ਅਨੁਮਾਨ ਹੈ, ਜਿਸ ਦਾ ਸਾਰਾ ਕੰਮ Authorised Agency ਕੋਲੋਂ ਕਰਵਾਇਆ ਜਾਣਾ ਹੈ। ਕਿਉਂਕੀ ਜੇਕਰ ਇਹਨਾਂ ਪਾਰਟਸ ਦੀ ਖਰੀਦ E-tender ਜਾਂ Gem-Portal ਤੋਂ ਕੀਤੀ ਜਾਂਦੀ ਹੈ ਤਾਂ ਪਾਰਟਸ ਆਉਣ ਵਿੱਚ ਕਾਫੀ ਜਿਆਦਾ ਸਮਾਂ ਲੱਗ ਜਾਂਦਾ ਹੈ। ਇਹਨਾਂ ਪਾਰਟਸ ਦੀ ਖਰੀਦ ਕਰਨੀ ਅਤੀ ਜਰੂਰੀ ਹੈ ਤਾਂ ਜੋ ਸੀਵਰ ਜੈਟਿੰਗ ਮਸ਼ੀਨ ਸਹੀ ਢੰਗ ਦੇ ਨਾਲ ਚੱਲ ਸਕੇ ਅਤੇ ਸੀਵਰ ਸਬੰਧੀ ਪ੍ਰਾਪਤ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿੱਚ ਦਫਤਰ ਨਗਰ ਨਿਗਮ ਦੇ ਕੰਮ ਵਿੱਚ ਕੋਈ ਵੀ ਵਿਘਨ ਨਾ ਪਵੇ। ਸੀਵਰ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਜੈਟਿੰਗ ਮਸ਼ੀਨ ਠੀਕ ਕਰਵਾਉਣ ਲਈ ਇਹ ਕੰਮ ਨੂੰ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**9) <u>ਸੀਵਰ ਰੋਡਾਂ ਦੀ ਖਰੀਦ ਕਰਨ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਸ਼ਹਿਰ ਦੇ ਸੀਵਰ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੀਵਰ ਰੋਡਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਸੀਵਰ ਰੋਡਾਂ ਦੀ ਹਾਲਤ ਕਾਫੀ ਖਸਤਾ ਹੈ ਇਸ ਲਈ ਨਵੀਆਂ ਸੀਵਰ ਰੋਡਾਂ ਦੀ ਖਰੀਦ ਕੀਤੀ ਜਾਣੀ ਹੈ। ਇਹਨਾਂ ਸੀਵਰ ਰੋਡਾਂ ਦੀ ਖਰੀਦ ਸਾਲ 04-2021 ਵਿੱਚ ਖਰੀਦ ਕੀਤੀ ਗਈ ਸੀ ਜਿਸ ਨੂੰ ਲਗਭਗ ਇੱਕ ਸਾਲ ਤੋਂ ਜਿਆਦਾ ਸਮਾਂ ਹੋ ਚੁੱਕਾ ਹੈ। ਇਸ ਲਈ ਇਹਨਾਂ ਨਵੀਆਂ ਸੀਵਰ ਰੋਡਾਂ ਦੀ ਖਰੀਦ ਕੀਤੀ ਜਾਣੀ ਅਤਿ ਜਰੂਰੀ ਹੈ। ਇਸ ਕੰਮ ਲਈ ਕਰੀਬ 200 ਸੀਵਰ ਰੋਡਾਂ ਦੀ ਖਰੀਦ ਕੀਤੀ ਜਾਣੀ ਹੈ, ਜਿਸ ਉੱਪਰ ਲਗਭਗ 1,40,000/- ਰੁਪਏ ਆਉਣ ਦਾ ਅਨੁਮਾਨ ਹੈ( GST Extra 18%) (ਕੁਟੇਸ਼ਨ ਨਾਲ ਨੱਥੀ)। ਉਕਤ ਸੀਵਰ ਰੋਡਾਂ ਦੀ ਖਰੀਦ ਕਰਨ ਲਈ ਮਾਮਲਾ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**10) <u>ਨਵੀਆਂ ਛੋਟੀਆਂ ਸੀਵਰ ਜੈਟਿੰਗ ਮਸ਼ੀਨਾਂ ਦੀ ਖਰੀਦ ਕਰਨ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਸ਼ਹਿਰ ਦੀਆਂ ਛੋਟੀਆਂ ਗਲੀਆਂ ਵਿੱਚ ਛੋਟੀਆਂ ਸੀਵਰ ਲਾਈਨਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਗਰ ਨਿਗਮ ਕੋਲ ਕੇਵਲ ਇੱਕ ਹੀ ਛੋਟੀ ਸੀਵਰ ਜੈਟਿੰਗ ਮਸ਼ੀਨ ਹੈ। ਜਿਸ ਨਾਲ ਸਾਰੇ ਸ਼ਹਿਰ ਵਿੱਚ ਸੀਵਰ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿੱਚ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਚਿਤ ਹੋਵੇਗਾ ਕਿ ਦੋ ਛੋਟੀਆਂ ਨਵੀਆਂ ਸੀਵਰ ਜੈਟਿੰਗ ਮਸ਼ੀਨਾਂ ਦੀ ਖਰੀਦ ਕੀਤੀ ਜਾਵੇ ਤਾਂ ਜੋ ਸ਼ਹਿਰ ਦੀਆਂ ਸੀਵਰ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਸਹੀ ਢੰਗ ਨਾਲ ਕੀਤਾ ਜਾ ਸਕੇ। ਪੁਰਾਣੀ ਸੀਵਰ ਜੈਟਿੰਗ ਮਸ਼ੀਨ ਦੀ ਖਰੀਦ M/s MODERN FOUNDARY ਕੰਪਨੀ ਕੋਲੋਂ ਕੀਤੀ ਗਈ ਸੀ। ਇਹਨਾਂ ਦੋ ਨਵੀਆਂ ਛੋਟੀਆਂ ਸੀਵਰ ਜੈਟਿੰਗ ਮਸ਼ੀਨਾਂ ਦੀ ਖਰੀਦ ਲਈ ਵੀ ਹੱਥ ਦਸਤੀ ਕੁਟੇਸ਼ਨ ਉਕਤ ਕੰਪਨੀ ਪਾਸੋਂ ਪ੍ਰਾਪਤ ਕੀਤੀ ਗਈ ਜਿਸ ਅਨੁਸਾਰ ਇੱਕ ਮਸ਼ੀਨ ਦਾ ਖਰਚ 5 ਲੱਖ ਰੁਪਏ ਹੈ ਅਤੇ ਦੋ ਮਸ਼ੀਨਾਂ ਦਾ ਕੁੱਲ ਖਰਚ ਲਗਭਗ 10 ਲੱਖ ਰੁਪਏ ਆਉਣ ਦਾ ਅਨੁਮਾਨ ਹੈ (ਕੁਟੇਸ਼ਨ ਨਾਲ ਨੱਥੀ)। ਉਕਤ ਦੋ ਨਵੀਆਂ ਛੋਟੀਆਂ ਸੀਵਰ ਜੈਟਿੰਗ ਮਸ਼ੀਨਾਂ ਦੀ ਖਰੀਦ ਕਰਨ ਲਈ ਮਾਮਲਾ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**11) <u>ਨਵੀਂ ਜੇ.ਸੀ.ਬੀ 3DX ਦੀ ਖਰੀਦ ਕਰਨ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਹੁਸ਼ਿਆਰਪੁਰ ਕੋਲ ਇੱਕ ਜੇ.ਸੀ.ਬੀ 3DX ਮੌਜੂਦ ਹੈ, ਜੋ ਡੰਪਿੰਗ ਗਰਾਉਂਡ ਵਿਖੇ ਸੁੱਕੇ ਕੂੜੇ ਦੀ ਰੈਮੀਡੇਸ਼ਨ ਕਰਦੀ ਹੈ ਅਤੇ ਸ਼ਹਿਰ ਵਿੱਚੋਂ ਰੋਜ਼ਾਨਾ ਜਾਣ ਵਾਲੇ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰਦੀ ਹੈ। ਉਕਤ ਜੇ.ਸੀ.ਬੀ ਦੀ ਖਰੀਦ ਨਵੰਬਰ-2007 ਵਿੱਚ ਕੀਤੀ ਗਈ ਸੀ ਜਿਸ ਨੂੰ ਲਗਭਗ 16 ਸਾਲ ਹੋ ਚੁੱਕੇ ਹਨ। ਹੁਣ ਦੇ ਸਮੇਂ ਵਿੱਚ ਕੂੜੇ ਦੀ ਮਾਤਰਾ ਕਾਫੀ ਵੱਧ ਹੋਣ ਕਰਕੇ ਇੱਕ ਜੇ.ਸੀ.ਬੀ ਨਾਲ ਡੰਪਿੰਗ ਗਰਾਉਂਡ ਵਿਖੇ ਕੂੜੇ ਦੀ ਰੈਮੀਡੇਸ਼ਨ ਅਤੇ ਕੂੜੇ ਦਾ ਨਿਪਟਾਰਾ ਕਰਨ ਵਿੱਚ ਕਾਫੀ ਮੁਸ਼ਕਿਲ ਆਉਂਦੀ ਹੈ। ਇਸ ਲਈ ਨਗਰ ਨਿਗਮ ਵਲੋਂ ਇਕ ਨਵੀਂ ਜੇ.ਸੀ.ਬੀ 3DX ਦੀ ਖਰੀਦ ਕੀਤੀ ਜਾਣੀ ਉਚਿਤ ਹੋਵੇਗੀ, ਜਿਸ ਨਾਲ ਡੰਪਿੰਗ ਗਰਾਉਂਡ ਦਾ ਸਾਰਾ ਕੰਮ ਸਹੀ ਢੰਗ ਨਾਲ ਕੀਤਾ ਜਾ ਸਕੇ। ਨਵੀਂ ਜੇ.ਸੀ.ਬੀ 3DX ਖਰੀਦਣ ਲਈ ਕੁਟੇਸ਼ਨ M/S DADA EARTHMOVERS (Authorized Agency) ਪਾਸੋਂ ਪ੍ਰਾਪਤ ਕੀਤੀ ਗਈ ਹੈ ਜਿਸ ਮੁਤਾਬਕ ਨਵੀਂ ਜੇ.ਸੀ.ਬੀ 3DX ਦੀ ਖਰੀਦ ਉੱਪਰ ਲਗਭਗ 33,33,000/- ਰੁਪਏ ਸਮੇਤ ਜੀ.ਐਸ.ਟੀ ਖਰਚ ਆਉਣ ਦਾ ਅਨੁਮਾਨ ਹੈ(ਕੁਟੇਸ਼ਨ ਨਾਲ ਨੱਥੀ)। ਉਕਤ ਨਵੀਂ ਜੇ.ਸੀ.ਬੀ 3DX ਦੀ ਖਰੀਦ ਕਰਨ ਲਈ ਮਾਮਲਾ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**12) <u>ਬੁਲਡੋਜਰ ਡੀ-50 H.P.H ਕਿਰਾਏ ਤੇ ਲੈਣ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਹੁਸ਼ਿਆਰਪੁਰ ਦੇ ਡੰਪਿੰਗ ਗਰਾਉਂਡ ਦਾ ਕੁੱਲ ਰਕਬਾ 27 ਏਕੜ ਹੈ। ਜਿਥੇ ਸਾਰੇ ਸ਼ਹਿਰ ਦਾ ਰੋਜਾਨਾ ਲਗਭਗ 50 ਟਨ ਕੂੜਾ ਡੰਪ ਕੀਤਾ ਜਾਂਦਾ ਹੈ। ਨਗਰ

ਨਿਗਮ ਦੀ ਸੈਨੀਟੇਸ਼ਨ ਸ਼ਾਖਾ ਨੂੰ ਬੁਲਡੋਜਰ ਦੀ ਬਹੁਤ ਜਰੂਰਤ ਹੈ ਕਿਉਕਿ ਡੰਪਿੰਗ ਗਰਾਉਂਡ ਵਿਖੇ ਕੂੜੇ ਦੇ ਵੱਡੇ-ਵੱਡੇ ਢੇਰ ਬਣ ਰਹੇ ਹਨ, ਇਸ ਜਗ੍ਹਾ ਤੇ ਜੇ.ਸੀ.ਬੀ ਚਲਾਉਣ ਵਿੱਚ ਕਾਫੀ ਮੁਸ਼ਕਿਲ ਆਉਂਦੀ ਹੈ। ਇਸ ਲਈ ਆਪ ਜੀ ਨੂੰ ਬੇਤਨੀ ਹੈ ਕਿ ਮਸ਼ੀਨਰੀ ਮੰਡਲ ਭੂਮੀ ਰੱਖਿਆ ਅਤੇ ਜਲ ਸੰਭਾਲ ਵਿਭਾਗ, ਮੋਹਾਲੀ ਕੋਲੋ ਬੁਲਡੋਜਰ ਕਿਰਾਏ ਤੇ ਮਿਲਦੇ ਹਨ, ਬੁਲਡੋਜਰ ਡੀ-50 H.P.H ਦਾ ਰੇਟ 1500/- ਰੁਪਏ ਪ੍ਰਤੀ ਘੰਟਾ ਹੈ (ਰੇਟਾਂ ਦੀ ਕਾਪੀ ਨਾਲ ਨੱਥੀ)। ਜਿਸ ਵਿੱਚ ਮਸ਼ੀਨਰੀ ਬੁਲਡੋਜਰ ਦੀ ਰਿਪੇਅਰ,ਡੀਜਲ,ਡਰਾਈਵਰ ਦਾ ਖਰਚ ਖੁਦ ਮੰਡਲ ਭੂਮੀ ਵਿਭਾਗ ਵੱਲੋਂ ਆਪਣੇ ਪੱਧਰ ਤੇ ਹੀ ਕੀਤਾ ਜਾਣਾ ਹੈ। ਇਸ ਤੇ ਆਉਣ ਵਾਲੇ ਖਰਚ ਦਾ 1 ਸਾਲ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਚਲਾਉਣ ਦਾ ਸਮਾਂ | ਖਰਚਾ |
|---|---|---|
| 1 | ਪ੍ਰਤੀ ਘੰਟਾ = | 1500/- ਰੁਪਏ |
| 2 | 5 ਘੰਟੇ ਪ੍ਰਤੀ ਦਿਨ = | 5x 1500 = 7500/- ਰੁਪਏ |
| 3 | ਇੱਕ ਮਹੀਨੇ ਦਾ ਖਰਚ = | 26 x 7500 = 195000/- ਰੁਪਏ |
| 4 | 1 ਸਾਲ ਦਾ ਖਰਚਾ = | 12 x 195000 = 23,40,000/- ਰੁਪਏ |

ਉਪਰੋਕਤ ਅਨੁਸਾਰ ਨਗਰ ਨਿਗਮ ਵੱਲੋਂ ਡੰਪਿੰਗ ਗਰਾਉਂਡ ਵਿਖੇ ਬੁਲਡੋਜਰ ਨੂੰ 1 ਸਾਲ ਚਲਾਉਣ ਦਾ ਖਰਚਾ 23,40,000/- ਰੁਪਏ ਬਣਦਾ ਹੈ। ਉਕਤ ਬੁਲਡੋਜਰ ਚਲਾਉਣ ਦੀ ਪ੍ਰਵਾਨਗੀ ਅਤੇ ਖਰਚੇ ਦੀ ਰਿਪੋਰਟ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**13) ਨਗਰ ਨਿਗਮ ਦੇ ਆਊਟਸੋਰਸ ਪ੍ਰਣਾਲੀ ਰਾਹੀਂ ਕੰਮ ਕਰ ਰਹੇ ਸਫਾਈ ਸੇਵਕਾਂ, ਡਰਾਈਵਰਾਂ ਅਤੇ ਸੀਵਰਮੈਨਾਂ ਨੂੰ ਗੁੜ, ਸਾਬਣ, ਤੇਲ ਅਤੇ ਵਰਦੀ ਦੇਣ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਦੀ ਹਦੂਦ ਅੰਦਰ ਕੰਮ ਕਰ ਰਹੇ ਸਮੂਹ ਸਫਾਈ ਕਰਮਚਾਰੀਆਂ (ਆਊਟਸੋਰਸ), ਜੋ ਸ਼ਹਿਰ ਵਿੱਚ ਸਾਫ ਸਫਾਈ ਦਾ ਕੰਮ ਕਰਦੇ ਹਨ,ਸਮੂਹ ਸੀਵਰਮੈਨ ਜੋ ਸ਼ਹਿਰ ਦੀਆਂ ਸੀਵਰ ਲਾਈਨਾਂ ਨੂੰ ਸਾਫ ਕਰਦੇ ਹਨ ਅਤੇ ਸਮੂਹ ਡਰਾਈਵਰ-ਹੈਲਪਰ, ਜੋ ਕਿ ਸ਼ਹਿਰ ਦੇ ਕੂੜੇ ਨੂੰ ਪੁਆਇੰਟਾ ਉੱਪਰ ਲੈ ਕੇ ਜਾਣ ਅਤੇ ਪੁਆਇੰਟਾ ਤੋਂ ਚੁੱਕ ਕੇ ਡੰਪਿੰਗ ਗਰਾਉਂਡ ਵਿਖੇ ਲੈ ਕੇ ਜਾਣ ਦਾ ਕੰਮ ਕਰਦੇ ਹਨ। ਉਕਤ ਸਮੂਹ ਕਰਮਚਾਰੀ ਸ਼ਹਿਰ ਵਿੱਚ ਸ਼ਹਿਰ ਵਿੱਚ ਸਾਫ ਸਫਾਈ ਦਾ ਕੰਮ ਕਰਦੇ ਹਨ, ਜਿਸ ਕਾਰਨ ਸ਼ਹਿਰ ਵਿੱਚ ਮਿੱਟੀ,ਧੂੜ ਆਦਿ ਕਾਰਨ ਇਹਨਾਂ ਕਰਮਚਾਰੀਆਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਇਸ ਲਈ ਇਹਨਾਂ ਉਕਤ ਕਰਮਚਾਰੀਆਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪ੍ਰਤੀ ਕਰਮਚਾਰੀ ਨੂੰ ਪ੍ਰਤੀ ਮਾਹ ਗੁੜ ਦੀ ਸਪਲਾਈ ਦੇਣ ਉੱਪਰ ਅੰਦਾਜ਼ਨ ਲਾਗਤ 150/- ਰੁਪਏ ਪ੍ਰਤੀ ਮਾਹ ਪ੍ਰਤੀ ਕਰਮਚਾਰੀ ਅਤੇ ਕੁੱਲ 214 ਕਰਮਚਾਰੀਆਂ ਨੂੰ ਗੁੜ ਦੀ ਸਪਲਾਈ ਉੱਪਰ 32,100/- ਰੁਪਏ ਪ੍ਰਤੀ ਮਾਹ ਅਤੇ 3,85,200/- ਰੁਪਏ ਖਰਚ ਸਲਾਨਾ ਆਉਣ ਦਾ ਅਨੁਮਾਨ ਹੈ।

ਇਸ ਤੋਂ ਇਲਾਵਾ ਉਕਤ ਕਰਮਚਾਰੀਆਂ ਨੂੰ ਵਰਦੀਆਂ ਆਦਿ ਦੇਣ ਉੱਪਰ ਅੰਦਾਜਨ ਲਾਗਤ 2828/- ਰੁਪਏ ਪ੍ਰਤੀ ਕਰਮਚਾਰੀ ਅਤੇ ਕੁੱਲ 214 ਕਰਮਚਾਰੀਆਂ ਨੂੰ ਵਰਦੀ ਦੀ ਸਪਲਾਈ ਉੱਪਰ 6,05,192/- ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਉਕਤ ਤੋਂ ਇਲਾਵਾ ਕਰਮਚਾਰੀਆਂ ਨੂੰ ਸਾਬਣ, ਤੇਲ ਦੀ ਸਪਲਾਈ ਦੇਣ ਲਈ ਅਨੁਮਾਨਤ ਲਾਗਤ 3 ਲੀਟਰ ਸਰ੍ਹੋਂ ਦੇ ਤੇਲ ਦੀ ਕੀਮਤ 561/- ਰੁਪਏ ਪ੍ਰਤੀ ਕਰਮਚਾਰੀ ਅਤੇ ਕੁੱਲ 1,20,054/- ਰੁਪਏ ਪ੍ਰਤੀ ਸਾਲ ਖਰਚ ਆਉਣ ਦਾ ਅਨੁਮਾਨ ਹੈ, ਨਾਲ ਹੀ ਕਰਮਚਾਰੀ ਨੂੰ ਕੱਪੜੇ ਧੋਣ ਵਾਲੇ ਸਾਬਣ ਦੀ ਸਪਲਾਈ ਦੇਣ ਲਈ ਅਨੁਮਾਨਤ ਲਾਗਤ 6 ਕਿੱਲੋਂ ਦੀ ਕੀਮਤ 660/- ਰੁਪਏ ਪ੍ਰਤੀ ਕਰਮਚਾਰੀ ਅਤੇ ਕੁੱਲ 1,41,240 ਰੁਪਏ ਪ੍ਰਤੀ ਸਾਲ ਖਰਚ ਆਉਣ ਦਾ ਅਨੁਮਾਨ ਹੈ। ਉਕਤ ਕਰਮਚਾਰੀਆਂ ਨੂੰ ਨਹਾਉਣ ਵਾਲੇ ਸਾਬਣ ਦੀ ਸਪਲਾਈ ਦੇਣ ਲਈ ਅਨੁਮਾਨਤ ਲਾਗਤ 24 ਪੀਸ ਦੀ ਕੀਮਤ 857.28/- ਰੁਪਏ ਪ੍ਰਤੀ ਕਰਮਚਾਰੀ ਅਤੇ ਕੁੱਲ 1,83,457.92/- ਰੁਪਏ ਖਰਚ ਪ੍ਰਤੀ ਸਾਲ ਆਉਣ ਦਾ ਅਨੁਮਾਨ ਹੈ (ਸਮੂਹ ਕਾਪੀਆਂ ਨਾਲ ਨੱਥੀ)। ਉਕਤ ਕੰਮਾਂ ਉੱਪਰ ਕੁੱਲ 14,35,143.92/- ਰੁਪਏ ਖਰਚਾ ਪ੍ਰਤੀ ਸਾਲ ਆਉਣ ਦਾ ਅਨੁਮਾਨ ਹੈ।। ਇਥੇ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਇਹ ਤਜ਼ਵੀਜ ਨਗਰ ਕੌਂਸਲ, ਜੀਰਕਪੁਰ ਵੱਲੋਂ ਪਾਸ ਕਰਕੇ ਉਕਤ ਅਨੁਸਾਰ ਕਰਮਚਾਰੀਆਂ ਨੂੰ ਸਪਲਾਈ ਦਿੱਤੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਉਕਤ ਚੀਜ਼ਾਂ ਦਾ ਰੇਟ ਸਮੇਂ ਅਨੁਸਾਰ ਘੱਟ ਜਾਂ ਵੱਧ ਵੀ ਸਕਦਾ ਹੈ। ਜਿਸ ਦੀ ਪੂਰਨ ਪ੍ਰਵਾਨਗੀ ਲਈ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਵਿਚਾਰਨ ਅਤੇ ਅਗਲੇਰੀ ਕਾਰਵਾਈ ਹਿੱਤ ਪੇਸ਼ ਹੈ ਜੀ।

**14) ਸੈਨੀਟੇਸ਼ਨ ਸ਼ਾਖਾ ਵਿਖੇ ਚੱਲ ਰਹੀ ਜੇ.ਸੀ.ਬੀ 3DX PB-07-Y- 2616 ਦੀ ਸਰਵਿਸ ਅਤੇ ਰਿਪੇਅਰ ਕਰਵਾਉਣ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵਿਖੇ ਚੱਲ ਰਹੀ **ਜੇ.ਸੀ.ਬੀ 3DX PB-07-Y-2616** ਜੋ ਕਿ ਡੰਪਿੰਗ ਗਰਾਉਂਡ ਵਿਖੇ ਸ਼ਹਿਰ ਵਿੱਚੋਂ ਰੋਜ਼ਾਨਾ ਜਾਣ ਵਾਲੇ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਅਤੇ ਸੁੱਕੇ ਕੂੜੇ ਦੀ ਰੈਮੀਡੇਸ਼ਨ ਕਰਦੀ ਹੈ। ਇਹ ਜੇ.ਸੀ.ਬੀ ਕਾਫੀ ਪੁਰਾਣੀ ਹੋਣ ਕਰਕੇ ਜਿਆਦਾਤਰ ਖਰਾਬ ਰਹਿੰਦੀ ਹੈ। ਉਕਤ ਜੇ.ਸੀ.ਬੀ ਦੀ ਪਹਿਲਾਂ ਸਰਵਿਸ ਅਤੇ ਰਿਪੇਅਰ ਲਗਭਗ ਇੱਕ ਸਾਲ ਪਹਿਲਾਂ ਕਰਵਾਈ ਗਈ ਸੀ। ਇਸ ਲਈ ਹੁਣ ਦੁਬਾਰਾ ਉਕਤ ਜੇ.ਸੀ.ਬੀ ਦੀ ਸਰਵਿਸ ਅਤੇ ਰਿਪੇਅਰ ਕਰਵਾਈ ਜਾਣੀ ਅਤਿ ਜਰੂਰੀ ਹੈ ਤਾਂ ਜੋ ਡੰਪਿੰਗ ਗਰਾਉਂਡ ਵਿਖੇ ਕੂੜੇ ਦੇ ਨਿਪਟਾਰੇ ਦਾ ਕੰਮ ਸੁਚਾਰੂ ਢੰਗ ਨਾਲ ਕੀਤਾ ਜਾ ਸਕੇ। ਉਕਤ ਜੇ.ਸੀ.ਬੀ ਦੀ ਰਿਪੇਅਰ ਅਤੇ ਸਰਵਿਸ ਸਬੰਧੀ ਕੁਟੇਸ਼ਨ M/S DADA EARTHMOVERS (AUTHORIZED AGENCY) ਕੋਲੋਂ ਪ੍ਰਾਪਤ ਕੀਤੀ ਗਈ ਹੈ, ਜਿਸ ਮੁਤਾਬਕ ਉਕਤ ਕੰਮ ਉੱਪਰ ਲਗਭਗ 2,34,869/- ਰੁਪਏ ਖਰਚ ਸਮੇਤ ਲੇਬਰ ਆਉਣ ਦਾ ਅਨੁਮਾਨ ਹੈ (ਕੁਟੇਸ਼ਨ ਨਾਲ ਨੱਥੀ)। ਕੰਮ ਦੀ ਤੱਤਪਰਤਾ ਨੂੰ ਦੇਖਦੇ ਹੋਏ ਹਾਊਸ ਦੀ ਪੂਰਨ ਪ੍ਰਵਾਨਗੀ ਦੀ ਆਸ ਵਿਚ ਕੰਮ ਕਰਵਾਇਆ ਗਿਆ ਹੈ ਹੁਣ ਇਹ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਸੂਚਨਾਂ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

15) **ਦਰਜਾ-4 ਕਰਮਚਾਰੀਆਂ ਨੂੰ ਠੰਡੀਆਂ/ਗਰਮ ਵਰਦੀਆਂ ਦੇਣ ਸਬੰਧੀ।**

ਰਿਪੋਰਟ ਸਟੇਸ਼ਨਰੀ ਕਲਰਕ ਸਮੇਤ ਸਿਫਾਰਸ਼ ਸੁਪਰਡੰਟ ਕਿ ਦਫ਼ਤਰੀ ਰਿਕਾਰਡ ਘੋਖਣ ਤੇ ਪਾਇਆ ਗਿਆ ਹੈ ਕਿ ਨਗਰ ਨਿਗਮ ਦੇ ਸਮੂਹ ਦਰਜਾ-4 ਕਰਮਚਾਰੀਆਂ ਨੂੰ ਮਿਲਣ ਵਾਲੀ ਗਰਮ ਅਤੇ ਠੰਡੀ ਵਰਦੀ ਸਾਲ 2018 ਵਿੱਚ ਦਿੱਤੀ ਗਈ ਸੀ ਜੋ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਿੰਨ ਸਾਲ ਬਾਅਦ ਡਿਊ ਹੋ ਗਈ ਹੈ। ਇਸ ਸਮੇਂ ਦਫ਼ਤਰ ਨਗਰ ਨਿਗਮ ਵਿਖੇ ਕੁੱਲ 225 ਦਰਜਾ-4 ਰੈਗੂਲਰ ਕਰਮਚਾਰੀ ਕੰਮ ਕਰ ਰਹੇ ਹਨ। ਜਿਨ੍ਹਾਂ ਵਿੱਚੋਂ ਮਰਦਾਨਾ ਕਰਮਚਾਰੀ 156 ਅਤੇ ਜਨਾਨਾਂ ਕਰਮਚਾਰਨਾ 69 ਹਨ। ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਵਰਦੀਆਂ ਦੇ ਰੇਟ ਪ੍ਰਵਾਨ ਕੀਤੇ ਗਏ ਹਨ :- (ਰੇਟ ਵਾਇਜ ਸਰਕਾਰ ਦਾ ਪੱਤਰ ਨੱਥੀ)

| ਲੜੀ ਨੰ: | ਆਇਟਮ ਦਾ ਨਾਮ | ਰਕਮ (ਰੁ: ਵਿੱਚ) |
|---|---|---|
| 1. | ਠੰਡੀ ਵਰਦੀ ਜਨਾਨਾਂ ਅਤੇ ਮਰਦਾਨਾ ਕਰਮਚਾਰੀ | 1188.00 |
| 2. | ਗਰਮ ਵਰਦੀ ਜਨਾਨਾਂ ਅਤੇ ਮਰਦਾਨਾ ਕਰਮਚਾਰੀ | 1000.00 |
| 3. | ਜਰਸੀ ਜਨਾਨਾਂ ਅਤੇ ਮਰਦਾਨਾ ਕਰਮਚਾਰੀ | 226.00 |
| 4. | ਬੂਟ/ਗੁਰਗਾਬੀ ਜਨਾਨਾਂ ਅਤੇ ਮਰਦਾਨਾ ਕਰਮਚਾਰੀ | 238.00 |
| 5. | ਚੱਪਲ ਜਨਾਨਾਂ ਅਤੇ ਮਰਦਾਨਾਂ ਕਰਮਚਾਰੀ | 176.00 |
| | | 2828.00 |

| | | |
|---|---|---|
| ਕੁਲ ਕਰਮਚਾਰੀ 225 (ਪ੍ਰਤੀ ਕਰਮਚਾਰੀ 2828) (2828×225) | = | 636300- |
| ਮਰਦਾਨਾ ਠੰਡੀ ਵਰਦੀ ਦੀ ਸਿਲਾਈ (63+25=88×3=264×156) | = | 41184- |
| ਮਰਦਾਨਾ ਗਰਮ ਵਰਦੀ ਦੀ ਸਿਲਾਈ (63+38=101×3=303×156) | = | 47268- |
| ਜਨਾਨਾ ਠੰਡੀ ਵਰਦੀ ਦੀ ਸਿਲਾਈ ( 38+19=57×3=171×69) | = | 11799- |
| ਜਨਾਨਾ ਗਰਮ ਕੋਟ ਸਲਵਾਰ 188×3 =564×69 | = | 38916- |
| | | 7,75,467- |

ਉਪਰੋਕਤ ਰਿਪੋਰਟ ਅਨੁਸਾਰ ਦਰਜਾ-4 ਕਰਮਚਾਰੀਆਂ ਨੂੰ ਰੁ: 7,75,467/- ਦੀ ਅਦਾਇਗੀ ਕਰਨ ਹਿੱਤ ਮਾਮਲਾ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**16) ESIMATE FOR DEPLOYMENT OF 48 SWEEPERS (SAFAI SEWAK) THROUGH OUTSOURCE AGENCY UNDER MUNICPAL CORPORATION HOSHIARPUR**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਹੁਸ਼ਿਆਰਪੁਰ ਅਧੀਨ ਆਊਟਸੋਰਸ ਪ੍ਰਣਾਲੀ ਰਾਹੀਂ ਕੰਮ ਕਰ ਰਹੇ ਸਫਾਈ ਸੇਵਕਾਂ ਦੀਆਂ ਸੇਵਾਵਾਂ ਸਾਲ 2022-23 ਵਿੱਚ ਜਾਰੀ ਰੱਖਣ ਲਈ ਉਕਤ ਤਖਮੀਨਾ ਕੁੱਲ 69.17 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਹ ਤਖਮੀਨਾ ਡੋਰ ਟੂ ਡੋਰ ਕੁਲੈਕਸ਼ਨ, ਸੋਲਿਡ ਵੇਸਟ ਮੈਨੇਜਮੈਂਟ ਨਾਲ ਸਬੰਧਤ ਕੰਮਾਂ ਨੂੰ ਮੁੰਕਮਲ ਕਰਨ ਲਈ ਤਿਆਰ ਕੀਤਾ ਗਿਆ ਹੈ। ਜਿਸ ਵਿੱਚ 48 ਸਫਾਈ ਸੇਵਕ ਆਊਟਸੋਰਸ ਤੇ ਰੱਖੇ ਗਏ ਹਨ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਕੰਮ ਦਾ ਪਿਛਲਾ ਠੇਕਾ ਮੈ: ਸਨਰਾਈਜ਼ ਫੈਸੀਲੇਟਰ ਪ੍ਰਾਈਵੇਟ ਲਿਮਟਿਡ

ਮਨੀਮਾਜ਼ਰਾ, ਚੰਡੀਗੜ੍ਹ ਨੂੰ ਵਰਕ ਆਰਡਰ ਨੰ: 2363 ਮਿਤੀ: 04.03.2021 ਰਾਹੀਂ ਇੱਕ ਸਾਲ ਲਈ ਅਲਾਟ ਕੀਤਾ ਗਿਆ ਸੀ ਜਿਸ ਦੀ ਮਿਆਦ 31.03.2022 ਨੂੰ ਖਤਮ ਹੋ ਗਈ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 341 ਮਿਤੀ: 04.05.2022 ਰਾਹੀਂ 03 ਮਹੀਨਿਆ ਲਈ ਪ੍ਰਵਾਨ ਕਰ ਲਿਆ ਗਿਆ ਸੀ। ਹਾਊਸ ਦੀ ਮੀਟਿੰਗ ਅਤੇ ਟੈਂਡਰ ਦੀ ਪ੍ਰਕਿਰਿਆਂ ਪੂਰਾ ਹੋਣ ਤੱਕ ਸਬੰਧਤ ਕੰਪਨੀ (Sunrise Facilator Pvt. Ltd. Chandigarh) ਨੂੰ ਹੀ ਅੱਗੇ ਠੇਕਾ ਜਾਰੀ ਰੱਖਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ ਸਮੁੱਚਾ ਮਾਮਲਾ ਹਾਊਸ ਦੀ ਸੂਚਨਾਂ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

**17) ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਵਲੋਂ ਦੀ ਪੰਜਾਬ ਮਿਊਂਸਪਲ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲਿਨਿੰਗਨੈਸ ਸੈਨੀਟੇਸ਼ਨ ਬਾਈਲਾਜ 2020 ਅਡਾਪਟ ਕਰਨ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਤੱਕਰ ਕਿ ਪੰਜਾਬ ਸਰਕਾਰ ਸਥਾਨਕ ਵਿਭਾਗ ਪੰਜਾਬ ਚੰਡੀਗੜ੍ਹ ਵਲੋਂ ਨੋਟੀਫਿਕੇਸ਼ਨ ਨੰ: 5/105/2020-2 ਐਲ.ਜੀ-4/1391 (ਏ) ਮਿਤੀ 11.08.2020 ਦੀ ਪੰਜਾਬ ਮਿਊਂਸਪਲ ਸੋਲਿਡ ਵੇਸਟ ਮੈਨੇਜਮੈਂਟ/ਕਲੀਨਿੰਗਨੈਸ/ਸੈਨੀਟੇਸ਼ਨ ਬਾਈਲਾਜ 2020 ਜਾਰੀ ਕੀਤਾ ਗਿਆ ਹੈ ਜਿਸਨੂੰ ਨਗਰ ਨਿਗਮ ਹੁਸ਼ਿਆਰਪੁਰ ਦੀ ਹਦੂਦ ਅੰਦਰ ਲਾਗੂ ਕੀਤਾ ਜਾਣਾ ਹੈ, ਇਹ ਬਾਈਲਾਜ ਅਡਾਪਟ ਕਰਨ ਹਿੱਤ ਮਾਮਲਾ ਹਾਊਸ ਦੀ ਮੀਟਿੰਗ ਵਿਚ ਪੇਸ਼ ਹੈ ਜੀ।

**18) ਨਗਰ ਨਿਗਮ ਹੁਸ਼ਿਆਰਪੁਰ ਦੀ ਹਦੂਦ ਅੰਦਰ ਪਏ ਕੂੜੇ ਦੇ ਢੇਰਾਂ ਨੂੰ ਸਾਫ ਕਰਨ ਲਈ 03 ਟਰੈਕਟਰ ਟਰਾਲੀ ਸੀ.ਐਸ.ਆਰ ਰੇਟਾਂ ਤੇ ਕਿਰਾਏ ਤੇ ਲੈਣ ਸਬੰਧੀ**

ਰਿਪੋਰਟ ਸੈਨਟਰੀ ਇੰਸਪਕੈਟਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਨਗਰ ਨਿਗਮ ਹੁਸ਼ਿਆਰਪੁਰ ਦੀ ਹਦੂਦ ਅੰਦਰ ਖੁੱਲੇ ਥਾਵਾਂ ਉੱਪਰ ਕੂੜੇ ਦੇ ਢੇਰ ਪਏ ਰਹਿੰਦੇ ਹਨ, ਜੋ ਕਿ ਸ਼ਹਿਰ ਦੀ ਅਕਸ ਨੂੰ ਖਰਾਬ ਕਰ ਰਹੇ ਹਨ। ਨਗਰ ਨਿਗਮ ਕੋਲ ਟਰੈਕਟਰ ਟਰਾਲੀ ਦੀ ਘਾਟ ਹੋਣ ਕਾਰਨ ਇਹਨਾਂ ਪੁਆਇੰਟਾਂ ਨੂੰ ਸਾਫ ਕਰਨਾ ਬਹੁਤ ਹੀ ਮੁਸ਼ਕਿਲ ਹੈ ਅਤੇ ਸ਼ਹਿਰ ਦੇ ਸਕੈਡੰਰੀ ਪੁਆਇੰਟਾ ਤੋਂ ਵੀ ਕੂੜਾ ਨਹੀਂ ਚੁੱਕਿਆ ਜਾ ਰਿਹਾ। ਇਸ ਲਈ 03 ਟਰੈਕਟਰ ਟਰਾਲੀਆਂ ਸੀ.ਐਸ.ਆਰ ਰੇਟਾਂ ਅਨੁਸਾਰ 06 ਮਹੀਨੇ ਕਿਰਾਏ ਤੇ ਲੈਣ ਵਾਸਤੇ 8 ਘੰਟੇ ਪ੍ਰਤੀ ਘੰਟੇ ਦੇ ਹਿਸਾਬ ਨਾਲ ਟਰੈਕਟਰ ਟਰਾਲੀ ਕਿਰਾਏ ਤੇ ਲੈਣ ਹਿੱਤ ਤਖਮੀਨਾ ਤਿਆਰ ਕੀਤਾ ਗਿਆ ਹੈ। ਜੋ ਕਿ ਇੰਜੀਨੀਅਰਿੰਗ ਸ਼ਾਖਾ ਵਲੋਂ ਸੀ.ਐਸ.ਆਰ ਰੇਟਾ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ ਜਿਸ ਤੇ ਲਗਭਗ 13.42 ਲੱਖ ਰੁਪਏ ਦਾ ਖਰਚਾ 3 ਟਰੈਕਟਰ/ਟਰਾਲੀਆ 6 ਮਹੀਨੇ ਕਿਰਾਏ ਤੇ ਲੈਣ ਲਈ ਆਵੇਗਾ। ਸਮੁੱਚੇ ਮਾਮਲੇ ਨੂੰ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**19) ਸ਼ਹਿਰ ਦੇ ਰੋਡਾਂ ਦੀ ਸਾਫ-ਸਫਾਈ ਲਈ ਨਵੀਂ Road Sweeping Machine ਦੀ ਖਰੀਦ ਅਤੇ ਮੇਨਟੈਨੇਂਸ ਸਬੰਧੀ।**

ਰਿਪੋਰਟ ਸੈਨਟਰੀ ਇੰਸਪਕੈਟਰ ਸਮੇਤ ਸਿਫਾਰਸ਼ ਚੀਫ ਸੈਨਟਰੀ ਇੰਸਪੈਕਟਰ ਕਿ ਹੁਸ਼ਿਆਰਪੁਰ ਸ਼ਹਿਰ ਦੇ ਮੇਨ ਰੋਡਾਂ ਦੇ ਕਿਨਾਰਿਆਂ ਤੇ Curve Channel ਅਤੇ ਸੈਂਟਰ-ਵਰਜ ਉੱਪਰ ਕਾਫੀ ਮਿੱਟੀ ਅਤੇ ਘਾਹ ਜਮ੍ਹਾਂ ਹੋਇਆ ਰਹਿੰਦਾ ਹੈ। ਜਿਸ ਨਾਲ ਸੜਕ ਦੀ ਦਿਖ ਬਹੁਤ ਮਾੜੀ ਨਜਰ ਆਉਂਦੀ ਹੈ। ਨਗਰ ਨਿਗਮ ਕੋਲ ਇਸ ਸਮੇਂ ਇਹਨਾਂ ਰੋਡਾਂ ਅਤੇ Curve Channel ਦੀ ਸਫਾਈ ਕਰਵਾਉਣ ਲਈ ਲੇਬਰ ਦੀ ਵੀ ਕਾਫੀ ਕਮੀ ਹੈ। ਇਸ ਲਈ ਇਹਨਾਂ ਰੋਡਾਂ ਨੂੰ ਜੇਕਰ Road Sweeping Machine ਨਾਲ ਸਾਫ ਕਰਵਾਇਆ ਜਾਵੇ ਤਾਂ ਜਿੱਥੇ ਸ਼ਹਿਰ ਦੀ ਸਫਾਈ ਵਿੱਚ ਸੁਧਾਰ ਹੋਵੇਗਾ ਉੱਥੇ ਹੀ ਮੈਨੁਅਲ ਸਵਿਪਿੰਗ ਕਰਵਾਉਣ ਨਾਲੋਂ ਮਕੈਨੀਕਲ ਸਵੀਪਿੰਗ ਕਰਾਉਣ ਦਾ ਖਰਚ ਵੀ ਘੱਟ ਜਾਵੇਗਾ ਅਤੇ ਸਵੱਛ ਭਾਰਤ ਮਿਸ਼ਨ ਤਹਿਤ ਚਲੀ ਸਵੱਛ ਸਰਵੇਖਣ ਮੁਹਿੰਮ ਵਿੱਚ ਸ਼ਹਿਰ ਦੀ ਰੈਂਕਿੰਗ ਵਿੱਚ ਵੀ ਸੁਧਾਰ ਹੋਵੇਗਾ। ਇਸ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸ਼ਹਿਰ ਦੇ ਮੇਨ ਰੋਡਾਂ ਦੀ ਸਾਫ-ਸਫਾਈ ਲਈ ਇੱਕ ਨਵੀਂ Road Sweeping Machine ਦੀ ਖਰੀਦ ਕਰਨ ਅਤੇ ਤਿੰਨ ਸਾਲ ਲਈ ਮੇਨਟੇਨੈਂਸ ਤੇ ਦੇਣਾ ਉਚਿਤ ਹੋਵੇਗਾ। ਜਿਸ ਨਾਲ ਸ਼ਹਿਰ ਨੂੰ ਸੁੰਦਰ ਅਤੇ ਰੋਡਾਂ ਨੂੰ ਸਾਫ-ਸੁਥਰਾ ਰੱਖਿਆ ਜਾ ਸਕੇ। ਇਸ ਸਬੰਧੀ ਪ੍ਰਾਪਤ ਕੀਤੀਆਂ ਕੁਟੇਸ਼ਨ ਅਨੁਸਾਰ ਆਉਣ ਵਾਲੇ ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | Description | Qty. | Tentative Cost |
|---|---|---|---|
| 1. | SUPPLY OF INTEGRATED SINGLE ENGINE VACCUM ROAD SWEEPING MACHINE CAPCAITY 5 CUMT | 01 NO. | 58,50,000/- |
| 2. | 03 Years operation & maintenance of road sweeping machine inclusive man power, all Consumables, break down repair & spares. | 36 Months | 41,40,000/- |
| | | Grand Total | 99,99,000/- |

ਇਸ ਤੋਂ ਇਲਾਵਾ ਨਿਗਮ ਇੰਜੀਨੀਅਰ ਦੀ ਰਿਪੋਰਟ ਮੁਤਾਬਿਕ ਹੁਸ਼ਿਆਰਪੁਰ ਸ਼ਹਿਰ ਅੰਦਰ Central Verge ਕਰੀਬ 5 ਕਿਲੋਮੀਟਰ ਹੈ। ਭਾਵ 10 ਕਿਲੋਮੀਟਰ ਦਾ ਏਰੀਆ ਹੈ ਇਸ ਤੋਂ ਇਲਾਵਾ ਮਕੈਨੀਕਲ ਸਪਲਾਈ ਮਸ਼ੀਨ ਰਾਹੀਂ ਜੋ ਮਿੱਟੀ ਇਕੱਠੀ ਹੋਵੇਗੀ ਉਸ ਨੂੰ ਸ਼ਹਿਰ ਅੰਦਰ Pothholes ਵਿਚ ਪਾਇਆ ਜਾਵੇਗਾ ਅਤੇ ਲੋਅਲਾਇੰਗ ਏਰੀਆ ਵਿਚ ਭਰਤੀ ਦੇ ਤੌਰ ਤੇ ਪਾ ਕੇ ਡਿਸਪੋਜ ਆਫ ਕੀਤਾ ਜਾਵੇਗਾ।

**20) <u>ਨਗਰ ਨਿਗਮ ਹੁਸ਼ਿਆਰਪੁਰ ਦੇ ਸਥਾਨਕ ਅਦਾਲਤੀ ਕੇਸਾਂ ਦੀ ਪੈਰਵਾਈ ਕਰਨ ਲਈ ਕਾਨੂੰਨੀ ਮਸ਼ੀਰ ਨਿਯੁਕਤ ਕਰਨ ਸਬੰਧੀ।</u>**

ਰਿਪੋਰਟ ਦਫਤਰ ਸਮੇਤ ਸਿਫਾਰਸ਼ ਸੁਪਰਡੰਟ ਲੀਗਲ ਕਿ ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ ਵੱਖ ਮੱਦਾਂ ਨਾਲ ਸਬੰਧਤ ਕੋਰਟ ਕੇਸ ਦੀਵਾਨੀ ਅਦਾਲਤ, ਅਦਾਲਤ ਸੀ.ਜੀ.ਐਮ, ਅਦਾਲਤ ਜਿਲਾ ਤੇ ਸੈਸ਼ਨ ਜੱਜ, ਲੇਬਰ ਕੋਰਟ ਆਦਿ ਸਥਾਨਕ ਅਦਾਲਤਾਂ ਵਿਚ ਸਮੇਂ ਸਮੇਂ ਤੇ ਚੱਲਦੇ ਰਹਿੰਦੇ ਹਨ ਜਿਹਨਾਂ ਦੀ ਢੁੱਕਵੇ ਤਰੀਕੇ ਨਾਲ ਪੈਰਵਾਈ ਇਸ ਦਫਤਰ ਵਲੋਂ ਕੀਤੀ ਜਾਣੀ ਬਣਦੀ ਹੈ, ਇੱਥੇ ਦੱਸਣਯੋਗ ਹੈ ਕਿ ਇਸ ਸਮੇਂ ਸਥਾਨਕ ਪੱਧਰ ਤੇ ਅਦਾਲਤੀ ਕੇਸਾਂ ਦੀ ਪੈਰਵਾਈ ਕਰਨ ਲਈ ਸ੍ਰੀ ਬ੍ਰਿਜ ਠਾਕੁਰ, ਐਡਵੋਕੇਟ ਨਿਯੁਕਤ ਹਨ।

ਇੱਥੇ ਦੱਸਣਯੋਗ ਹੈ ਕਿ ਇਸ ਦਫਤਰ ਵਿਖੇ ਸ੍ਰੀ ਵਿਸ਼ਾਲ ਕੁਮਾਰ, ਐਡਵੋਕੇਟ, ਵਾਸੀ ਮਕਾਨ ਨੰ: 1304, ਵੈਲੀ ਹਾਈਟਸ ਕਲੋਨੀ, ਆਦਮਵਾਲ ਰੋਡ ਹੁਸ਼ਿਆਰਪੁਰ ਅਤੇ ਸ੍ਰੀ ਵਰਿੰਦਰ ਕੁਮਾਰ ਮੈਨਨ, ਵਾਸੀ ਨਿਊ ਹਰੀ ਨਗਰ, ਪਿੱਛੇ ਕੋਪਰੇਟਿਵ ਬੈਂਕ, ਹੁਸ਼ਿਆਰਪੁਰ ਵਲੋਂ ਇਸ ਦਫਤਰ ਲਈ ਕਾਨੂੰਨੀ ਮਸ਼ੀਰ ਨਿਯੁਕਤੀ ਲਈ ਮਿਤੀ 25.11.2022 ਨੂੰ ਕ੍ਰਮਵਾਰ ਦਰਖਾਸਤਾ ਇਸ ਦਫਤਰ ਵਿਖੇ ਦਿੱਤੀਆ ਗਈਆ ਹਨ। ਨਗਰ ਨਿਗਮ ਹੁਸ਼ਿਆਰਪੁਰ ਦੀਆਂ ਸ਼ਹਿਰ ਅੰਦਰ ਕਈ ਥਾਂਵਾ ਤੇ ਪ੍ਰਾਪਰਟੀ ਹੈ ਜਿਨ੍ਹਾਂ ਦੇ ਕਬਜੇ ਆਮ ਪਬਲਿਕ ਵੱਲੋਂ ਕੀਤੇ ਜਾਪਦੇ ਹਨ ਅਤੇ ਕਈ ਸਥਾਨਕ ਅਦਾਲਤਾਂ ਵਿਚ ਜਮੀਨੀ ਹੱਕਰੱਸੀ ਲਈ ਕੇਸ ਦਾਇਰ ਕੀਤੇ ਗਏ ਹਨ ਅਤੇ ਕੁਝ ਕੇਸਾਂ ਵਿਚ ਜੋ ਫੈਸਲੇ ਇਸ ਦਫਤਰ ਦੇ ਵਿਰੁੱਧ ਹੋਏ ਹਨ ਉਹਨਾਂ ਦੀ ਅਪੀਲ ਵੀ ਵੱਖ ਵੱਖ ਅਦਾਲਤਾਂ ਵਿਚ ਚੱਲ ਰਹੀਂ ਹੈ। ਇੱਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਰਿਟੇਨਰ ਐਡਵੋਕੇਟ ਦੀ ਫੀਸ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਦੇ ਯਾਦ ਪੱਤਰ ਨੰ: ਡਸਸ-ਐਲ.ਓ (ਡੀ)-2011/39313-489 ਮਿਤੀ 08.12.2011 ਨਿਰਧਾਰਿਤ ਕੀਤੀਆਂ ਫੀਸਾਂ ਅਨੁਸਾਰ ਅਦਾ ਕੀਤੀਆ ਜਾਣਗੀਆਂ। ਇਸ ਸਮੁੱਚੇ ਮਾਮਲੇ ਨੂੰ ਹਾਊਸ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

21) **<u>Punjab Transparency in Public Procurement Rules, 2022 ਨੂੰ ਲਾਗੂ ਕਰਨ ਸਬੰਧੀ</u>**

ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਪੰਜਾਬ ਵਲੋ ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ. 02/ਪੀ.ਏ.12/2019/ਐਸ.60/2022 ਮਿਤੀ 06.01.2022 ਰਾਹੀਂ Punjab Transparency in Public Procurement Rules, 2022 ਨੋਟੀਫਾਈ ਕੀਤੇ ਗਏ ਸਨ। ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਹੁਕਮਾਂ ਅਨੁਸਾਰ ਮੁੱਖ ਇੰਜੀਨੀਅਰ (ਨਗਰ ਕੌਂਸਲਾਂ) ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵਲੋ ਪੱਤਰ ਨੰਬਰ ਸੀ.ਈ./2022/5427-29 ਮਿਤੀ 04.02.2022 ਰਾਹੀਂ ਸਮੂਹ ਕਮਿਸ਼ਨਰ, ਨਗਰ ਨਿਗਮਾਂ, ਪੰਜਾਬ ਨੂੰ ਇਹਨਾਂ ਰੂਲਾਂ ਦੀ ਕਾਪੀ ਭੇਜ਼ ਕੇ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਦੇ ਅਧਿਕਾਰ ਖੇਤਰ ਵਿੱਚ ਪੈਂਦੀਆ ਸਥਾਨਕ ਸੰਸਥਾਵਾਂ ਵਿੱਚ ਇਹਨਾਂ ਰੂਲਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਉਪਰੋਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਹ ਰੂਲ ਨਗਰ ਨਿਗਮ ਹੁਸ਼ਿਆਰਪੁਰ ਵਿੱਚ ਲਾਗੂ ਕੀਤੇ ਜਾਣੇ ਹਨ। ਇਸ ਲਈ ਇਹਨਾਂ ਰੂਲਾਂ ਨੂੰ ਲਾਗੂ ਕਰਨ ਲਈ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

22) <u>ਸਿਵਲ ਸੂਟ ਮਹਿੰਦਰ ਰਾਮ ਬਨਾਮ ਮਿਊਂਸਪਲ ਕਾਰਪੋਰੇਸ਼ਨ ਆਦਿ।</u>

ਰਿਪੋਰਟ ਇਸੰਪੈਕਟਰ ਸਮੇਤ ਸਿਫਾਰਸ਼ ਸੁਪਰਡੰਟ ਕਿ ਮਹਿੰਦਰ ਰਾਮ ਬਨਾਮ ਮਿਊਂਸਪਲ ਕਾਰਪੋਰੇਸ਼ਨ ਆਦਿ ਕੇਸ ਦਾ ਫੈਸਲਾ ਮਾਨਯੋਗ ਸਿਵਲ ਜੱਜ (ਜੂਨੀਅਰ ਡਵੀਜ਼ਨ) ਹੁਸ਼ਿਆਰਪੁਰ ਜੀ ਵਲੋਂ ਮਿਤੀ 01.08.2022 ਨੂੰ ਨਗਰ ਨਿਗਮ ਹੁਸ਼ਿਆਰਪੁਰ ਦੇ ਵਿਰੁੱਧ ਦਿੱਤਾ ਹੈ ਅਤੇ ਕਿਹਾ ਹੈ ਕਿ ਨਗਰ ਨਿਗਮ ਹੁਸ਼ਿਆਰਪੁਰ ਅਤੇ ਓਮ ਪ੍ਰਕਾਸ਼ ਜੱਖੂ ਪੁੱਤਰ ਸ਼੍ਰੀ ਗੁਰਬਚਨ ਚੰਦ ਵਾਸੀ ਪਿੰਡ ਥੱਥਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਉਸ ਜਗ੍ਹਾਂ ਤੋਂ ਆਪਣਾ ਕਬਜ਼ਾ ਖਤਮ ਕਰਨ। ਇਸ ਸਬੰਧ ਵਿੱਚ ਨਗਰ ਨਿਗਮ ਦੇ ਵਕੀਲ ਸ਼੍ਰੀ ਬ੍ਰਿਜ ਠਾਕੁਰ ਵਲੋਂ ਨਗਰ ਨਿਗਮ, ਹੁਸ਼ਿਆਰਪੁਰ ਨੂੰ ਇਸ ਦਫਤਰ ਦੇ ਡਾਇਰੀ ਨੰ:3807 ਮਿਤੀ 30.08.2022 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਦਾ ਕੇਸ ਮਜਬੂਤ ਹੈ। ਅਗਰ ਇਸ ਫੈਸਲੇ ਵਿਰੁੱਧ ਮਾਨਯੋਗ ਜਿਲ੍ਹਾ ਅਦਾਲਤ ਵਿੱਚ ਅਪੀਲ ਕੀਤੀ ਜਾਂਦੀ ਹੈ ਤਾਂ ਕੇਸ ਦਾ ਫੈਸਲਾ ਨਗਰ ਨਿਗਮ ਦੇ ਹੱਕ ਵਿੱਚ ਹੋ ਸਕਦਾ ਹੈ। ਇਸ ਲਈ ਉਕਤ ਫੈਸਲੇ ਵਿਰੁੱਧ ਅਪੀਲ ਮਾਨਯੋਗ ਜ਼ਿਲ੍ਹਾ ਅਦਾਲਤ ਵਿੱਚ ਕਰਨ ਅਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਕਰਨ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**23) <u>ਨਗਰ ਨਿਗਮ ਹੁਸ਼ਿਆਰਪੁਰ ਦੀ ਹਰਿਆਣਾ ਰੋਡ ਵਿਖੇ ਸਥਿਤ ਸ਼ਿਵਪੁਰੀ (ਸ਼ਮਸ਼ਾਨ ਘਾਟ) ਦੀ ਦੇਖਭਾਲ/ ਰੱਖ ਰੱਖਾਵ ਦਾ ਕੰਮ ਅਲਾਟ ਕਰਨ ਸਬੰਧੀ।</u>**

ਰਿਪੋਰਟ ਸੁਪਰਡੰਟ ਲੈਂਡ ਰਿਕਾਰਡਜ ਅਤੇ ਚੀਫ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਹਰਿਆਣਾ ਰੋਡ ਵਿਖੇ ਸਥਿਤ ਸ਼ਮਸ਼ਾਨ ਘਾਟ ਦੀ ਦੇਖਭਾਲ/ਰੱਖ ਰੱਖਾਵ ਦਾ ਕੰਮ ਸਮੇਤ ਸ਼ਰਤਾਂ ਮਿਤੀ 01.01.2018 ਤੋਂ 31.12.2022 ਤੱਕ 5 ਸਾਲ ਲਈ ਰੱਖ-ਰੱਖਾਵ ਲਈ ਦਿੱਤਾ ਗਿਆ ਹੈ ਜਿਸ ਦੀ ਮਿਆਦ 31.12.2022 ਨੂੰ ਖਤਮ ਹੋ ਰਹੀ ਹੈ। ਇਸ ਲਈ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਉਕਤ ਸ਼ਮਸ਼ਾਨਘਾਟ ਦੇ ਰੱਖ ਰੱਖਾਵ ਦਾ ਕੰਮ ਸੰਸਥਾ ਨੂੰ ਦਿੱਤਾ ਜਾਣਾ ਹੈ। ਇੱਥੇ ਦੱਸਣਯੋਗ ਹੈ ਕਿ ਠਾਕੁਰ ਦਵਾਰਾ ਬਾਬਲੀ ਤੁਲਾ ਰਾਮ ਪ੍ਰਬੰਧਕ ਸਭਾ (ਰਜਿ:) ਸੁਖੀਆਬਾਦ ਹੁਸ਼ਿਆਰਪੁਰ ਵਲੋਂ ਉਕਤ ਸ਼ਮਸ਼ਾਨਘਾਟ ਦੇ ਰੱਖ-ਰੱਖਾਵ ਦਾ ਕੰਮ ਮੁੜ ਲੈਣ ਦੀ ਪ੍ਰਤੀਬੇਨਤੀ 11.10.2022 ਨੂੰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਨਿਰਮਾਣ ਸੇਵਾ ਵੈਲਫੇਅਰ ਸੋਸਾਇਟੀ 145, ਟੈਗੋਰ ਪਾਰਕ, ਗੜ੍ਹੀ ਮੁਹੱਲਾ ਹੁਸ਼ਿਆਰਪੁਰ ਵਲੋਂ ਵੀ ਮਿਤੀ 14.10.2022 ਨੂੰ ਉਕਤ ਸ਼ਮਸ਼ਾਨਘਾਟ ਦੇ ਰੱਖ-ਰੱਖਾਵ ਦੇ ਕੰਮ ਲੈਣ ਦੀ ਪ੍ਰਤੀਬੇਨਤੀ ਇਸ ਦਫਤਰ ਨੂੰ ਕੀਤੀ ਗਈ ਹੈ। ਗੌਰਤਾਲਬ ਹੈ ਕਿ ਠਾਕੁਰ ਦਵਾਰਾ ਬਾਬਲੀ ਤੁਲਾ ਰਾਮ ਪ੍ਰਬੰਧਕ ਸਭਾ (ਰਜਿ:) ਸੁਖੀਆਬਾਦ ਹੁਸ਼ਿਆਰਪੁਰ ਵਲੋਂ ਸ਼ਮਸ਼ਾਨਘਾਟ ਦੇ ਰੱਖ-ਰੱਖਾਵ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ ਹੈ। ਰੱਖ ਰੱਖਾਵ ਸਬੰਧੀ ਇਸ ਸਭਾ ਵਲੋਂ ਨਗਰ ਨਿਗਮ ਹੁਸ਼ਿਆਰਪੁਰ ਨਾਲ ਮਿਤੀ 21.12.2017 ਨੂੰ ਕੀਤੇ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਇੰਨਬਿੰਨ ਪਾਲਣਾ ਕੀਤੀ ਗਈ ਹੈ। ਇਸ ਰੱਖ-ਰੱਖਾਵ ਦੇ ਸਮੇਂ ਦੌਰਾਨ ਸਭਾ ਵਲੋਂ ਸ਼ਮਸ਼ਾਨਘਾਟ ਨੂੰ ਕਾਫੀ ਵਿਕਸਿਤ ਕੀਤਾ ਗਿਆ ਹੈ। ਸ਼ਮਸ਼ਾਨਘਾਟ ਹਰਿਆਣਾ ਰੋਡ ਹੁਸ਼ਿਆਰਪੁਰ ਦੇ ਰੱਖ ਰੱਖਾਵ ਦਾ ਕੰਮ ਮਿਤੀ 01.01.2023 ਤੋਂ 31.12.2027 ਤੱਕ 5 ਸਾਲ ਲਈ ਦੇਣ ਸਬੰਧੀ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

**24) <u>ਨਗਰ ਨਿਗਮ ਦੀਆਂ ਜਮੀਨਾਂ ਦਾ ਰਿਕਾਰਡ ਮੇਨਟੇਂਨ ਕਰਨ ਲਈ ਪਟਵਾਰੀ ਰੱਖਣ ਸਬੰਧੀ।</u>**

ਰਿਪੋਰਟ ਸੁਪਰਡੰਟ ਲੈਂਡ ਰਿਕਾਰਡਜ ਕਿ ਨਗਰ ਨਿਗਮ ਦੀ ਹਦੂਦ ਅੰਦਰ ਨਗਰ ਨਿਗਮ ਦੀਆਂ ਜਮੀਨਾਂ ਦੀ ਸਹੀ ਸਥਿਤੀ ਪਤਾ ਲਗਾਉਣ ਲਈ ਅਤੇ ਉਹਨਾਂ ਦੀ ਜਮੀਨਾਂ ਦੀ ਨਿਸ਼ਾਨਦੇਹੀ ਕਰਨ ਅਤੇ ਉਹਨਾਂ ਦਾ ਰਿਕਾਰਡ ਮੇਨਟੇਂਨ ਕਰਨ ਲਈ ਆਊਟਸੋਰਸ ਤੇ ਇੱਕ ਪਟਵਾਰੀ ਇੱਕ ਸਾਲ ਲਈ ਰੱਖਣਾ ਜਰੂਰੀ ਹੈ ਕਿਉਂਜੋ ਮਾਲ ਵਿਭਾਗ ਦੇ ਕੰਮਕਾਜ ਤੋਂ ਚੰਗੀ ਤਰਾਂ ਜਾਣੂ ਵਿਅਕਤੀ ਹੀ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਕਰ ਸਕਦਾ ਹੈ ਜਿਸ ਨਾਲ ਨਗਰ ਨਿਗਮ ਦੀ ਜਮੀਨਾਂ ਦੀ ਸਾਂਭ ਸੰਭਾਲ ਸਮੇਂ ਸਮੇਂ ਤੇ ਚੰਗੇ ਢੰਗ ਨਾਲ ਹੋ ਸਕਦੀ ਹੈ। ਇੱਥੇ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਵਲੋਂ ਨਗਰ ਨਿਗਮ ਹੁਸ਼ਿਆਰਪੁਰ ਲਈ ਪਟਵਾਰੀ ਦੀ ਇੱਕ ਅਸਾਮੀ ਪ੍ਰਵਾਨਤ ਕੀਤੀ ਹੋਈ ਹੈ। ਇਸ ਲਈ ਉਕਤ ਮੰਤਵ ਲਈ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਆਊਟਸੋਰਸ ਤੇ ਪਟਵਾਰੀ ਇੱਕ ਸਾਲ ਲਈ ਰੱਖਣ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

**25)** <u>ਨਗਰ ਨਿਗਮ ਦੇ ਮੇਅਰ ਸਾਹਿਬ ਜੀ ਦੀ ਸਾਲ 2020-21, 2021-22 ਅਤੇ 2022-23 **Annual Membership fees of All india council of Mayor** ਜਮ੍ਹਾਂ ਕਰਵਾਉਣ ਸਬੰਧੀ।</u>

ਰਿਪੋਰਟ ਸੁਪਰਡੰਟ ਸਮੇਤ ਸਿਫਾਰਸ਼ ਲੇਖਾਕਾਰ ਕਿ ਸੈਕਟਰੀ ਆਲ ਇੰਡੀਆ ਕੌਸਲ ਆਫ ਮੇਅਰ-8 ਭਾਈ ਵੀਰ ਸਿੰਘ ਮਾਰਗ ਨਿਊ ਦਿਲੀ ਆਪਣੇ ਪੱਤਰ ਨੰ: **AICM/MIMO** ਮਿਤੀ 25.11.2022 ਰਾਹੀਂ ਇਸ ਨਗਰ ਨਿਗਮ ਦੇ ਮੇਅਰ ਜੀ ਦੀ ਆਲ ਇੰਡੀਆ ਕੌਸਲ ਆਫ ਮੇਅਰ ਦੇ ਮੈਬਰ ਬਣਨ ਲਈ ਮੈਬਰਸ਼ਿਪ ਫੀਸ ਵੱਜੋਂ ਸਾਲ 2020-21, 2021-22 ਅਤੇ

2022-23 ਦੀ ਸਾਲਾਨਾ ਮੈਂਬਰ ਸ਼ਿਪ ਫੀਸ 60,000/- ਸਮੇਤ ਜੀ.ਐਸ.ਟੀ 18 ਪ੍ਰਤੀਸ਼ਤ 10,800/- ਰੁਪਏ ਦੀ ਮੰਗ ਕੀਤੀ ਹੈ। ਇਸ ਲਈ ਉਕਤ ਰਕਮ ਰੁਪਏ 70,800/- ਉਕਤ ਕੌਂਸਲ ਦੇ ਨਾਮ ਤੇ ਡਰਾਫਟ/ਚੈਕ ਰਾਹੀਂ ਭੇਜਣ ਲਈ ਲਿਖਿਆ ਗਿਆ ਹੈ। ਉਕਤ ਅਨਸਾਰ ਫੀਸਾਂ ਭੇਜਣ ਦਾ ਮਾਮਲਾ ਹਾਊਸ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

26) **A4 ਅਤੇ ਲੀਗਲ (FS) ਕੰਪਿਊਟਰ ਪੇਪਰਾਂ ਦੀ ਖਰੀਦ ਜੇਮ ਪੋਰਟਲ ਤੋਂ ਕਰਨ ਸਬੰਧੀ।**

**ਰਿਪੋਰਟ ਸਟੇਸ਼ਨਰੀ ਕਲਰਕ ਸਮੇਤ ਸਿਫਾਰਸ਼ ਸੁਪਰਡੰਟ ਕਿ** ਦਫ਼ਤਰ ਦੀਆਂ ਵੱਖ ਵੱਖ ਸ਼ਾਖਾਵਾਂ ਵੱਲੋਂ ਕੰਪਿਊਟਰਾਇਜਡ ਕੰਮ ਕੀਤਾ ਜਾਂਦਾ ਹੈ। ਇਸ ਸਮੇਂ ਸ਼ਟੇਸ਼ਨਰੀ ਸਟੋਰ ਵਿੱਚ ਕੰਪਿਊਟਰ ਪੇਪਰਾਂ ਦੇ ਰਿੰਮ ਖਤਮ ਹੋਣ ਵਾਲੇ ਹਨ। ਦਫ਼ਤਰੀ ਕੰਮ ਕਾਜ ਨੂੰ ਦੇਖਦੇ ਹੋਏ ਕੰਪਿਊਟਰ ਪੇਪਰਾਂ (A4 ਅਤੇ ਲੀਗਲ (FS) ਦੀ ਖਰੀਦ ਕਰਨਾ ਬਹੁਤ ਜਰੂਰੀ ਹੈ। ਇਿਹਨਾਂ ਪੇਪਰਾਂ ਦੀ ਖਰੀਦ ਕਰਨ ਮਾਰਕੀਟ ਵਿੱਚੋਂ ਕੂਟੇਸ਼ਨਾਂ ਪ੍ਰਾਪਤ ਕਰਨ ਉਪਰਾਂਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ GEM Portal ਤੋਂ ਕੀਤੀ ਜਾਣੀ ਹੈ ਜਿਸ ਤੇ ਲਗਭਗ 3.00 ਲੱਖ ਰੁ: ਖਰਚਾ ਆਉਣ ਦੀ ਸੰਭਾਵਨਾ ਹੈ।

ਇਸ ਲਈ ਦਫ਼ਤਰ ਦੇ ਕੰਮ ਕਾਜ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ A4 ਅਤੇ ਲੀਗਲ (FS) ਪੇਪਰਾਂ ਦੀ ਖਰੀਦ ਕਰਨ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਹਿੱਤ **ਮਾਮਲਾ ਨਗਰ ਨਿਗਮ ਦੀ ਹਾਊਸ ਮੀਟਿੰਗ ਵਿਚ** ਪੇਸ਼ ਹੈ ਜੀ।

27) **ਫਾਇਰ ਬ੍ਰਿਗੇਡ ਵਾਸਤੇ 2 Smoke Exhauster Cum Blower ਦੀ ਖਰੀਦ ਕਰਨ ਬਾਰੇ।**

**ਰਿਪੋਰਟ ਦਫਤਰ ਸਮੇਤ ਸਿਫਾਰਸ਼ ਫਾਇਰ ਸਟੇਸ਼ਨ ਅਫਸਰ ਕਿ** ਫਾਇਰ ਸਟਾਫ ਨੂੰ ਅੱਗ ਬੁਝਾਉਂਦੇ ਸਮੇਂ ਇਸ Smoke Exhauster Cum Blower ਦੀ ਬਹੁੱਤ ਲੋੜ ਹੁੰਦੀ ਹੈ ਜਿਵੇ ਕਿ ਫਾਇਰ ਕਾਲ ਦੌਰਾਨ ਬਿਲਡਿੰਗ ਦੀ ਬੇਸਮੈਂਟ / ਘਰ ਦੇ ਅੰਦਰ ਅੱਗ ਲੱਗਣ ਕਾਰਨ ਧੂਆਂ ਭਰ ਜਾਂਦਾ ਹੈ ਉੱਥੇ ਇਸ Smoke Exhauster Cum Blower ਦੀ ਮੱਦਦ ਦੇ ਨਾਲ ਧੂੰਆਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਅੱਗ ਤੇ ਅਸਾਨੀ ਨਾਲ ਕਾਬੂ ਪਾਇਆ ਜਾ ਸੱਕਦਾ ਹੈ। ਇਸ ਲਈ ਅੱਗ ਦੀਆਂ ਘਟਨਾਵਾਂ ਨੂੰ ਮੁੱਖ ਰੱਖਦੇ ਹੋਏ 2 Smoke Exhauster Cum Blower ਦੀ ਖਰੀਦ ਕਰਨ ਲਈ **ਜੈਮ ਪੋਰਟਲ** ਤੋਂ ਐਸਟੀਮੇਟ ਪ੍ਰਾਪਤ ਕੀਤਾ ਗਿਆ ਜੋ ਨਾਲ ਨੱਥੀ ਹੈ। ਜਿਸ ਅਨੁਸਾਰ 2 Smoke Exhauster Cum Blower ਦੀ ਖਰੀਦ ਤੇ ਲਗਭਗ **6,84,000/–** ਲੱਖ ਰੁਪਏ ਖ਼ਰਚ ਆਵੇਗਾ। ਸੋ ਉਕਤ 2 Smoke Exhauster Cum Blower ਦੀ ਖਰੀਦ ਕਰਨ ਤੇ ਆਉਣ ਵਾਲੇ ਖ਼ਰਚੇ ਦੀ ਪ੍ਰਵਾਨਗੀ ਹਿੱਤ **ਮਾਮਲਾ ਹਾਊਸ ਮੀਟਿੰਗ ਵਿਚ ਪੇਸ਼ ਹੈ।**

28) **ਫਾਇਰ ਬ੍ਰਿਗੇਡ ਵਾਸਤੇ 2 Portable Water Moniter ਦੀ ਖਰੀਦ ਕਰਨ ਬਾਰੇ।**

**ਰਿਪੋਰਟ ਦਫਤਰ ਸਮੇਤ ਸਿਫਾਰਸ਼ ਫਾਇਰ ਸਟੇਸ਼ਨ ਅਫਸਰ ਕਿ** ਫਾਇਰ ਸਟਾਫ ਨੂੰ ਅੱਗ ਬੁਝਾਉਂਦੇ ਸਮੇਂ ਇਸ **Portable Water Moniter** ਦੀ ਬਹੁੱਤ ਲੋੜ ਹੁੰਦੀ ਹੈ ਜਿਵੇ ਕਿ ਫਾਇਰ ਕਾਲ ਦੌਰਾਨ ਬਿਲਡਿੰਗ ਦੇ ਢਹਿ ਜਾਣ ਦਾ ਖਤਰਾ ਹੋਵੇ/ ਘਰਾਂ ਵਿੱਚ ਐਲ.ਪੀ.ਜੀ ਗੈਸ ਦੇ ਬਲਾਸਟ ਹੋਣ ਦਹ ਖਤਰਾ ਹੋਵੇ ਉਥੇ ਇਸ ਯੰਤਰ ਦੀ ਸਹਾਇਤਾ ਨਾਲ ਅੱਗ ਨੂੰ ਬਿਲਡਿੰਗ ਤੋਂ ਬਾਹਰ ਰਹਿ ਕੇ ਬੜੀ ਅਸਾਨੀ ਨਾਲ ਬੁਝਾਇਆ ਜਾ ਸੱਕਦਾ ਹੈ। ਇਸ ਲਈ ਅੱਗ ਦੀਆਂ ਘਟਨਾਵਾਂ ਨੂੰ ਮੁੱਖ ਰੱਖਦੇ ਹੋਏ **2 Portable Water Moniter** ਦੀ ਖਰੀਦ ਕਰਨ ਲਈ **ਜੈਮਪੋਰਟਲ** ਤੋਂ ਐਸਟੀਮੇਟ ਪ੍ਰਾਪਤ ਕੀਤਾ ਗਿਆ ਜੋ ਨਾਲ ਨੱਥੀ ਹੈ। ਜਿਸ ਅਨੁਸਾਰ **2 Portable Water Moniter** ਦੀ ਖਰੀਦ ਤੇ ਲਗਭਗ **4,92,000/–** ਲੱਖ ਰੁਪਏ ਖ਼ਰਚ ਆਵੇਗਾ। ਸੋ ਉਕਤ **2 Portable Water Moniter** ਦੀ ਖਰੀਦ ਕਰਨ ਤੇ ਆਉਣ ਵਾਲੇ ਖ਼ਰਚੇ ਦੀ ਪ੍ਰਵਾਨਗੀ ਹਿੱਤ **ਮਾਮਲਾ ਹਾਊਸ ਮੀਟਿੰਗ ਵਿਚ ਪੇਸ਼ ਹੈ ਜੀ।**

